# ਸਾਂਝੀ ਵਿਰਾਸਤ

ਜਿਲਦ 3 ਅੰਕ 16

2023

ਵੈਸਾਖ (ਅਪਰੈਲ)



**ਸਾਂਝੀ ਵਿਰਾਸਤ (Shared Heritage)**

**ਪੰਜਾਬੀ ਭਾਸ਼ਾ, ਸਭਿਅਤਾ, ਇਤਿਹਾਸ ਅਤੇ ਵਿਰਾਸਤ ਦੀ ਔਨਲਾਈਨ**

**ਗੈਰ-ਸਿਆਸੀ ਮਾਸਿਕ ਮੈਗਜ਼ੀਨ**

A monthly Non-political, Not-for-profit (Bilingual) On-line magazine of

**Panjabi Language, Culture, History and Heritage**

Website: **sanjhivirasat.org**

# ਵਿਸ਼ਾ ਸੂਚੀ (ਅਪਰੈਲ 2023 ਅੰਕ)


| | | | |
|---|---|---|---|
| 1. | ਸੰਪਾਦਕੀ ਨੋਟ | ਮੁਖ ਸੰਪਾਦਕ | 3 |
| 2. | ਤੁਖਾਰੀ ਛੰਤ ਮਹਲਾ 1 ਬਾਰਹ ਮਾਹਾ – ਵਿਆਖਿਆ | ਮਨਿੰਦਰ ਸਿੰਘ (ਪ੍ਰੋਫੈਸਰ) | 4 |
| 3. | ਬਾਰਹ ਮਾਹਾ ਮਾਂਝ ਮਹਲਾ 5 – ਕਾਵਿਕ ਵਿਆਖਿਆ | ਕਰਮਜੀਤ ਸਿੰਘ ਨੂਰ | 5 |
| 4. | ਵਿਦਵਾਨ ਭਾਈ ਮਨੀ ਸਿੰਘ ਜੀ ਸ਼ਹੀਦ | ਰਾਜਬੀਰ ਸਿੰਘ ਭੱਟੀ (ਡਾ.) | 7 |
| 5. | ਧਰਤੀ ਮਾਂ ਦੀ ਪੁਕਾਰ | ਗੁਰਦੀਸ਼ ਕੌਰ ਗਰੇਵਾਲ | 8 |
| 6. | ਧੰਨ ਗੁਰੂ ਨਾਨਕ | ਸੁਰਜੀਤ ਸਿੰਘ ਭੱਟੀ (ਡਾ.) | 9 |
| 7. | ਇੱਕ ਪ੍ਰੇਰਣਾਮਈ ਲਿਖਤ | ਜਨਮੇਜਾ ਸਿੰਘ ਜੌਹਲ | 10 |
| 8. | ਗੁਰਬਾਣੀ ਮੁਤਾਬਿਕ ਸਵਾਲ-ਜਵਾਬ (6) | ਤਰਲੋਕ ਸਿੰਘ ਸਹੋਤਾ (ਡਾ.) | 11 |
| 9. | ਸਿੱਖੀ ਵਿਚ ਪੁਜਾਰੀਵਾਦ | ਗਲੋਬਲ ਸਿੱਖ ਕੌਂਸਿਲ | 13 |
| 10. | ਮੈਂਟਲ ਹੈਲਥ ਅਤੇ ਵਿਸਾਖੀ | ਕਾਲਾ ਸਿੰਘ (ਡਾ.) | 15 |
| 11. | ਅਮ੍ਰਿਤੁ ਗੁਰ ਤੇ ਪਾਇਆ | ਮਨਿੰਦਰ ਸਿੰਘ (ਪ੍ਰੋਫ਼ੈਸਰ) | 17 |
| 12. | ਬੱਚਿਆਂ ਲਈ ਸਵਾਲ (QUIZ) | ਸਾਂਝੀ ਵਿਰਾਸਤ | 19 |
| 13. | ਸਾਨੂੰ ਇੰਨ੍ਹਾਂ ਤੇ ਮਾਣ ਹੈ | ਸਾਂਝੀ ਵਿਰਾਸਤ | 20 |
| 14. | ਸਿੱਖ ਵਿਰਾਸਤ ਦਾ ਮਹੀਨਾ ਅਪਰੈਲ | ਰਾਜਾ ਬਲਰਾਜ ਸਿੰਘ (ਡਾ.) | 22 |
| 15. | ਵਿਆਕਰਣ ਅਨੁਸਾਰ ਸ਼ਬਦ ਦੇ ਅਰਥ | ਚਮਕੌਰ ਸਿੰਘ ਬਰਾੜ | 24 |
| 16. | ਓਨਲਾਈਨ ਝੂਠ ਤੇਜ਼ੀ ਨਾਲ ਕਿਉਂ ਫੈਲਦੇ ਹਨ? | ਹਰਸ਼ਿੰਦਰ ਕੌਰ (ਡਾ.) | 26 |
| 17. | ਗੋਲਡਨ ਏਜ | ਗੁਰਦੀਸ਼ ਕੌਰ ਗਰੇਵਾਲ | 28 |
| 18. | ਪੰਜਾਬੀ ਸ਼ਬਦਾਂ ਦੀ ਜਾਣਕਾਰੀ | (ਸਕੂਲ ਸਿਖਿਆ ਵਿਭਾਗ) | 29 |
| 19. | ਅਪਰੈਲ ਦਾ ਮਹੀਨਾ | ਰੂਬੀਨਾ ਸਿੰਘ | 31 |
| 20. | ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ | ਐਡੀਟੋਰੀਅਲ ਬੋਰਡ | 32 |
| 21. | ਲੇਖਕਾਂ ਲਈ ਜ਼ਰੂਰੀ ਜਾਣਕਾਰੀ | ਐਡੀਟੋਰੀਅਲ ਬੋਰਡ | 34 |
| 22. | ਐਡੀਟੋਰੀਅਲ ਬੋਰਡ ਅਤੇ ਸਲਾਹਕਾਰ | **ਸਾਂਝੀ ਵਿਰਾਸਤ** | 35 |

## ਸੰਪਾਦਕੀ ਨੋਟ

## (ਅਪਰੈਲ 2023 ਅੰਕ)

**ਨਾਨਕਸ਼ਾਹੀ ਸੰਮਤ ਅਨੁਸਾਰ ਗੁਰੂ ਨਾਨਕ ਸਾਹਿਬ ਨੇ ਇੱਕ ਵਿਸਾਖ (14 ਅਪਰੈਲ) 1469 ਨੂੰ ਅਵਤਾਰ ਧਾਰਿਆ ਸੀ। ਅਤੇ ਵਿਸਾਖੀ ਵਾਲੇ ਦਿਨ ਹੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ (ਸਨ 1699 ਵਿਚ) "ਖਾਲਸਾ ਪੰਥ" ਦੀ ਸਾਜਨਾ ਕੀਤੀ ਸੀ।** ਇਹ ਦਿਨ "**ਦਸਤਾਰ ਦਿਵਸ**" (**Turban Day**) ਦੇ ਤੌਰ ਤੇ ਵੀ ਮਨਾਇਆ ਜਾਂਦਾ ਹੈ। ਸ਼ਹੀਦ ਭਾਈ ਮਨੀ ਸਿੰਘ ਜੀ ਦਾ ਜਨਮ ਵਿਸਾਖ ਵਿਚ ਹੋਇਆ ਸੀ। ਇਤਿਹਾਸ ਨਾਲ ਜੁੜੇ ਕੁਝ ਹੋਰ ਮਹੱਤਵ ਪੂਰਣ ਦਿਨ ਵਿਸਾਖ ਵਿਚ ਹੀ ਹਨ।

**18 ਅਪਰੈਲ 1982** ਨੂੰ ਇੰਗਲੈਂਡ ਨੇ ਪੁਰਾਣਾ (**British North American**) ਐਕਟ-**1867** ਤਬਦੀਲ ਕਰ ਕੇ ਨਵਾਂ ਸੰਵਿਧਾਨਕ ਐਕਟ (**New Constitutional Act**) ਬਣਾਇਆ ਸੀ ਜਿਸ ਨਾਲ ਕੈਨੇਡਾ ਨੂੰ ਸਾਰੇ ਮੁੱਢਲੇ ਨਾਗਰਿਕ ਅਧਿਕਾਰ ਦਿੱਤੇ ਗਏ ਸਨ। ਅਪਰੈਲ ਨੂੰ ਕੈਨੇਡਾ ਵਿਚ ਸਿੱਖਾਂ ਦੇ ਵਿਰਾਸਤੀ ਮਹੀਨੇ ਦੇ ਤੌਰ ਉਤੇ ਮਨਾਇਆ ਜਾਂਦਾ ਹੈ। ਅਮਰੀਕਾ ਵਿਚ 14 ਅਪਰੈਲ ਸਿੱਖ ਵਿਰਾਸਤ ਦਾ ਦਿਨ ਹੁੰਦਾ ਹੈ। ਪੰਜਾਬ ਵਿਚ ਵਿਸਾਖੀ ਤੋਂ ਕਣਕਾਂ ਦੀਆਂ ਵਾਢੀਆਂ ਸ਼ੁਰੂ ਹੁੰਦੀਆਂ ਹਨ।

ਜੂਲੀਅਨ (**Julian**) ਕੈਲੰਡਰ ਨੂੰ (ਜਿਸ ਵਿਚ ਨਵਾਂ ਸਾਲ ਅਪਰੈਲ ਤੋਂ ਸ਼ੁਰੂ ਹੁੰਦਾ ਸੀ) **Pope Gregory** XIII ਨੇ 1582 ਵਿਚ ਬਦਲ ਦਿਤਾ। ਇਸ ਵਿਚ ਨਵਾਂ ਸਾਲ ਜਨਵਰੀ ਤੋਂ ਸ਼ੁਰੂ ਹੋਣ ਲਗ ਪਿਆ। ਪਰ ਕਈ ਲੋਕ ਭੁਲੇਖੇ ਨਾਲ 1 ਅਪਰੈਲ ਨੂੰ ਹੀ ਨਵਾਂ ਸਾਲ ਮਨਾਉਂਦੇ ਰਹੇ।ਅਜਿਹੇ ਲੋਕਾਂ ਨੂੰ ਮਖੌਲ ਨਾਲ "ਅਪਰੈਲ ਫੂਲ" ਕਹਿਣਾਂ ਸ਼ੁਰੂ ਹੋ ਗਿਆ।

**ਅਗਲੇ ਅੰਕ ਲਈ** ਜੋ ਲੇਖਕ / ਕਵੀ ਪੰਜਾਬੀ ਭਾਸ਼ਾ, ਸਭਿੱਅਤਾ, ਇਤਿਹਾਸ, ਵਿਰਾਸਤ ਜਾਂ ਸਮਾਜਿਕ ਭਲਾਈ ਬਾਰੇ "**ਮੌਲਿਕ**" ਰਚਨਾਵਾਂ (ਲੇਖ, ਮਿੰਨੀ ਕਹਾਣੀਆਂ, ਆਪ-ਬੀਤੀਆਂ, ਕਵਿਤਾਵਾਂ ਜਾਂ ਪੰਜਾਬੀ ਪੁਸਤਕ ਸਮੀਖਿਆਵਾਂ) ਭੇਜਣਾ ਚਾਹੁੰਦੇ ਹਨ ਉਹ ਮਾਰਚ ਦੀ 10 ਤਾਰੀਖ ਤਕ ਭੇਜਣ ਦੀ ਕ੍ਰਿਪਾਲਤਾ ਕਰਨ। ਲਿਖਤਾਂ ਕਿਸੇ ਧਰਮ, ਸੰਸਥਾ ਜਾਂ ਪਾਰਟੀ ਵਿਰੁੱਧ ਜਾਂ ਰਾਜਨੀਤਿਕ ਜਾਂ ਕਿਸੇ ਵੀ ਤਰਾਂ ਦੇ ਵਿਵਾਦ-ਗ੍ਰਸਤ ਵਿਅਕਤੀ ਬਾਰੇ ਨਾ ਹੋਣ। ਸਾਡਾ ਮੰਤਵ ਕੇਵਲ ਨਰੋਏ ਸਮਾਜ ਅਤੇ ਭਾਈਚਾਰੇ ਲਈ ਵਿਦਵਾਨਾਂ ਦੇ ਲੇਖ ਅਤੇ ਕਾਵਿਕ ਵਿਚਾਰ ਪਾਠਕਾਂ ਤਕ ਪੁਚਾਣਾ ਹੈ। ਇਸ ਵਿਚ ਐਡੀਟੋਰੀਅਲ ਕਮੇਟੀ ਦੇ ਸਾਰੇ ਮੈਂਬਰਾਂ ਦਾ ਧੰਨਵਾਦ ਕਰਨਾ ਜ਼ਰੂਰੀ ਹੈ।

**ਇਕਸਾਰਤਾ ਲਈ 'ਜ਼ਰੂਰੀ ਜਾਣਕਾਰੀ'** ਹਰ ਅੰਕ ਵਿਚ ਦਿੱਤੀ ਗਈ ਹੈ ਅਤੇ ਸਾਡੇ ਵੈਬਸਾਈਟ (*sanjhivirasat.org*) ਤੋਂ ਵੀ ਮਿਲ ਸਕਦੀ ਹੈ। ਰਚਨਾਵਾਂ ਦੋ (2) ਪਨਿੰਆਂ (ਵਧ ਤੋਂ ਵਧ 800 ਸ਼ਬਦਾਂ) ਤਕ ਦੀਆਂ ਹੀ ਹੋਣ। ਇਸ ਤੋਂ ਲੰਬੇ ਪ੍ਰਵਾਨਿਤ ਲੇਖ (ਇਸ ਵੈਬਸਾਈਟ ਦੇ) **Blog** ਉਤੇ ਪਾਏ ਜਾਂਦੇ ਹਨ ਜਾਂ ਮੈਗਜ਼ੀਨ ਵਿਚ ਲੜੀਵਾਰ ਛਾਪੇ ਜਾਂਦੇ ਹਨ। ਲੇਖਕ/ਕਵੀ (ਜੇ ਉਹ  ਚਾਹੁਣ ਤਾਂ) ਆਪਣੀ ਫੋਟੋ ਵੀ ਭੇਜ ਸਕਦੇ ਹਨ। ਆਪਣਾ ਈ-ਮੇਲ ਪਤਾ, ਵੱਟਸਐਪ ਜਾਂ ਫੋਨ ਨੰਬਰ, ਸ਼ਹਿਰ (ਮੁਲਕ) ਦਾ ਨਾਂ ਅਤੇ ਆਪਣੇ ਬਾਰੇ ਸੰਖੇਪ ਜਾਣਕਾਰੀ ਭੇਜਣੀ ਜ਼ਰੂਰੀ ਹੈ ਜੀ। ਪਾਠਕਾਂ ਅਤੇ ਲੇਖਕਾਂ ਦੇ ਸੁਝਾਵਾਂ ਦਾ ਸਵਾਗਤ ਹੈ।

ਡਾ. ਸੁਰਜੀਤ ਸਿੰਘ ਭੱਟੀ
ਮੁਖ ਸੰਪਾਦਕ, ਕੈਲਗਰੀ (ਕੈਨੇਡਾ)

surjitsinghbhatti@gmail.com

ਬਾਰਹਮਾਹਾ ਤੁਖਾਰੀ ਛੰਤ ਮਹਲਾ 1

ਵੈਸਾਖ ਮਹੀਨੇ ਦਾ ਪਾਠ ਅਤੇ ਉਸ ਦੀ ਵਿਆਖਿਆ

ੴ ਸਤਿਗੁਰ ਪ੍ਰਸਾਦਿ

ਵੈਸਾਖੁ ਭਲਾ ਸਾਖਾ ਵੇਸ ਕਰੇ ॥

ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ ॥

ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ ਨ ਮੋਲੋ ॥

ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ ॥

ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ ॥

ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ ॥੬॥ {ਪੰਨਾ 1108}

**ਵਿਆਖਿਆ**

"ਬਲਿਹਾਰੀ ਕੁਦਰਤਿ ਵਸਿਆ" ਦਾ ਦੀਦਾਰ ਕਰਨ ਵਾਲੇ ਸ੍ਰੀ ਗੁਰੂ ਨਾਨਕ ਦੇਵ ਮਨੁੱਖ ਨੂੰ ਆਪਣਾ ਜੀਵਨ ਆਦਰਸ਼ ਪ੍ਰਾਪਤ ਕਰਨ ਲਈ ਕੁਦਰਤ ਤੋਂ ਪ੍ਰੇਰਨਾ ਲੈਣ ਲਈ ਉਤਸ਼ਾਹਿਤ ਕਰਦੇ ਹਨ । ਵੈਸਾਖ ਦੇ ਮਹੀਨੇ ਕੁਦਰਤ ਨਵਾਂ ਸ਼ਿੰਗਾਰ ਕਰਦੀ ਹੈ । ਬਿਰਛਾਂ ਦੀ ਟਹਿਣੀਆਂ ਹਰੇ ਭਰੇ ਪੱਤਿਆ ਨਾਲ ਝੂਮਣ ਲਗ ਜਾਂਦੀਆਂ ਹਨ । ਪ੍ਰਭੂ ਪਤੀ ਦੇ ਮਿਲਾਪ ਦੀ ਤਿਆਰੀ ਕਰ ਰਹੀਆਂ ਹੋਣ । ਉਨ੍ਹਾ ਨੂੰ ਵੇਖ ਕੇ ਜੀਵ ਰੂਪੀ ਇਸਤ੍ਰੀ ਵੀ ਅਰਦਾਸ ਕਰਦੀ ਹੈ : ਹੇ ਪ੍ਰਭੂ ਪ੍ਰੀਤਮ ਦਇਆ ਕਰਕੇ ਮੇਰੇ ਹਿਰਦੇ ਘਰ ਵਿਚ ਚਰਨ ਪਾਓ । ਮੈਨੂੰ ਨਾਮ ਦੀ ਦਾਤ ਬਖਸ਼ੋ । ਮੇਰਾ ਜੀਵਨ ਨਾਮ ਸਿਮਰਨ ਤੋਂ ਵਿਹੂਣਾ ਬੋਝਲ ਬਣਿਆ ਹੋਇਆ ਹੈ ਇਸ ਦਾ ਪਾਰ ਉਤਾਰਾ ਕਰੋ । ਇਸਦਾ ਦਾ ਨਾਮ ਸਿਮਰਨ ਤੋਂ ਬਿਨਾ ਕੌਡੀ ਵੀ ਮੁੱਲ ਨਹੀਂ ਪਰ ਜੇਕਰ ਪਤੀ ਪ੍ਰਮੇਸ਼ਰ ਮੇਰੇ ਹਿਰਦੇ ਵਿਚ ਆ ਵੱਸੇ ਤੇ ਮੈਨੂੰ ਉਸਦੀ ਸੰਗਤ ਦਾ ਆਨੰਦ ਪ੍ਰਾਪਤ ਹੋ ਜਾਵੇ ਤਾਂ ਮੇਰਾ ਜੀਵਨ ਅਮੁੱਲ ਹੋ ਜਾਵੇ । ਗੁਰੂ ਉਪਦੇਸ਼ ਦੁਆਰਾ ਮੈਨੂੰ ਇਹ ਸਮਝ ਪੈ ਰਹੀ ਹੈ ਕਿ ਪ੍ਰਭੂ ਮਿਲਾਪ ਲਈ ਕਿਧਰੇ ਦੂਰ ਬਾਹਰ ਜਾਣ ਦੀ ਲੋੜ ਨਹੀ, ਉਸਦਾ ਦਾ ਨਿਵਾਸ ਤਾਂ ਮੇਰੇ ਹਿਰਦੇ ਰੂਪੀ ਮਹਿਲ ਵਿਚ ਹੈ ਜਿਸਨੂੰ ਵੈਸਾਖ ਰੂਪੀ ਜੀਵਨ ਵਿਚ ਸ਼ਬਦ ਨਾਲ ਸੁਰਤਿ ਜੋੜਨ ਨਾਲ ਪਾਇਆ ਜਾ ਸਕਦਾ ਹੈ ।



ਪ੍ਰੋਫੈਸਰ ਮਨਿੰਦਰ ਸਿੰਘ
ਐਡਮਿੰਟਨ (ਕੈਨੇਡਾ)

## ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪ ਵੈਸਾਖ ਮਹੀਨੇ ਦਾ ਪਾਠ
## ੴ ਸਤਿਗੁਰ ਪ੍ਰਸਾਦਿ ॥

ਸਮੂਹ ਗੁਰ ਨਾਨਕ ਨਾਮ ਲੇਵਾ ਸਿੱਖ ਸੰਗਤ ਨੂੰ ਵੈਸਾਖੀ ਸੰਮਤ 555 ਦੀ
ਲੱਖ ਲੱਖ ਵਧਾਈ ਹੋਵੇ ਜੀ

ੴ ਸਤਿਗੁਰ ਪ੍ਰਸਾਦਿ ।।
ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥
ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥
ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥
ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥
ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥
ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥
ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ॥
ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥
ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥੩॥

## ਵਿਆਖਿਆ
## ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ, ਜਲੰਧਰ (ਭਾਰਤ)

ਵੈਸਾਖ ਦੇ ਮਹੀਨੇ ਰਾਹੀਂ ਪੰਚਮ ਪਾਤਸ਼ਾਹ ਸਾਨੂੰ ਉਪਦੇਸ਼ ਬਖਸ਼ਿਸ਼ ਕਰ ਰਹੇ ਹਨ ਕਿ ਵੈਸਾਖ ਦੇ ਮਹੀਨੇ ਵਿਚ ਰੁੱਤ ਦੇ ਫਿਰਨ ਨਾਲ ਬਨਸਪਤੀ ਖਿੜ ਜਾਂਦੀ ਹੈ। ਪਰ ਉਹ ਜੀਵ ਆਤਮਾ ਕਿਵੇਂ ਖਿੜ ਸਕਦੀ ਹੈ ਜੋ ਪਰਮਾਤਮਾ ਤੋਂ ਵਿਛੁੜ ਕੇ ਮਾਇਆ ਦੇ ਝੂਠੇ ਧੰਦਿਆਂ ਵਿਚ ਉਲਝ-ਉਲਝ ਕੇ ਮਰ ਰਹੀ ਹੈ । ਸੰਸਾਰ ਦੀ ਕੋਈ ਵੀ ਵਸਤੂ ਪੁੱਤਰ, ਇਸਤਰੀ, ਧਨ ਦੌਲਤ ਜੀਵ ਦੇ ਨਾਲ ਨਹੀਂ ਜਾਂਦੀ , ਕੇਵਲ ਪ੍ਰਮਾਤਮਾ ਦਾ ਨਾਮ ਵੀ ਅੰਤ ਨੂੰ ਸਹਾਇਕ ਹੁੰਦਾ ਹੈ। ਉਸ ਨੂੰ ਭੁਲਾ ਕੇ ਤਾਂ ਖੁਆਰ ਹੀ ਹੋਣਾ ਹੈ । ਪ੍ਰਭੂ ਦੀ ਪ੍ਰਾਪਤੀ ਹਰ ਸ਼ੈਅ ਦੀ ਪ੍ਰਾਪਤੀ ਹੈ । ਵੈਸਾਖ ਦੀ ਰੁੱਤ ਉਨ੍ਹਾਂ ਲਈ ਹੀ ਸੁਹਾਵਨੀ ਬਣ ਜਾਂਦੀ ਹੈ ਜਿਨ੍ਹਾਂ ਨੂੰ ਪ੍ਰਮਾਤਮਾ ਦਾ ਮਿਲਾਪ ਹੋ ਜਾਂਦਾ ਹੈ ।



ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

ਵੈਸਾਖ ਮਹੀਨੇ ਦੇ ਪਾਠ ਦੀ ਕਾਵਿਕ ਵਿਆਖਿਆ

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ ਜਲੰਧਰ (ਭਾਰਤ)

ਵਿਛੜੀ ਵੈਸਾਖ ਵਿਚ,  ਪਤੀ ਦੇ ਪ੍ਰੇਮ ਤੋਂ ਜੋ,
ਦਿਲ ਉਹਦਾ ਦੱਸੇ ਭਲਾ ਕਿਸ ਤਰਾਂ ਖਲੋਵੇਗਾ ।
ਸੱਜਣ ਪ੍ਰਭੂ ਨੂੰ ਵਿਸਾਰ ਕੇ ਤੇ ਮਨ ਓਹਦਾ,
ਲਪਟਿਆ ਜੇ ਮਨਮੋਹਣੀ ਮਾਇਆ ਨਾਲ ਹੋਵੇਗਾ।
ਪੁੱਤਰ, ਨਾ ਇਸਤ੍ਰੀ, ਨਾ ਧਨ ਕਦੇ ਨਾਲ ਰਹਿੰਦਾ ,
ਹਰੀ ਦਾ ਜੋ ਨਾਮ , ਨਾਸ ਰਹਿਤ ਸਿਰਫ ਉਹ ਹੈ।
ਸਾਰਾ ਸੰਸਾਰ ਉਲਝ ਉਲਝ ਕੇ ਹੈ ਮਰੀ ਜਾਂਦਾ,
ਪਿਆ ਐਸਾ ਮਾਇਆ ਦਿਆਂ ਧੰਧਿਆ ਦਾ ਮੋਹ ਹੈ।
ਇੱਕ ਹਰੀ ਨਾਮ, ਜੀਵ ਆਤਮਾ ਦੇ ਨਾਲ ਜਾਣਾ ,
ਬਾਕੀ ਹਰ ਇਕ ਚੀਜ਼ ਜਾਣੀ ਅੱਗੇ ਖੋਹੀ ਹੈ।
ਓਸ ਨੂੰ ਵਿਸਾਰ ਕੇ ਖੁਆਰ ਹੋਣਾ ਜਿੰਦਗੀ ’ਚ,
ਉਹਦੇ ਬਾਝੋਂ ਆਤਮਾਂ ਦਾ ਆਸਰਾ ਨਾ ਕੋਈ ਹੈ ।
ਚਰਣਾਂ ਦੇ ਨਾਲ ਤੇਰੇ ਲੱਗ ਜਾਵੇ ਪ੍ਰੀਤਮਾਂ ਜੋ,
ਸ਼ੋਭਾ ਓਸ ਬੰਦੇ ਦੀ ਹੈ ਹੁੰਦੀ ਗੱਜ ਵੱਜ ਕੇ।
ਪ੍ਰਭੂ ਤੇਰੇ ਅੱਗੇ ਤੇਰੇ ਨਾਨਕ ਦੀ ਬੇਨਤੀ ਹੈ,
ਹੋ ਜਾਵੇ ਮੈਨੂੰ ਜੇ ਮਿਲਾਪ ਤੇਰਾ ਰੱਜ ਕੇ।
'ਨੂਰ' ਏਸ ਜਿੰਦ ਨੂੰ ਵੈਸਾਖ ਤਦੋਂ ਸੋਹੇਗਾ।
ਹਰੀ ਸੰਤ ਪ੍ਰਭੂ ਦਾ ਮਿਲਾਪ ਜਦੋਂ ਹੋਏਗਾ ।"

# ਵਿਦਵਾਨ ਭਾਈ ਮਨੀ ਸਿੰਘ ਜੀ ਸ਼ਹੀਦ

ਭਾਈ ਮਨੀ ਸਿੰਘ ਜੀ ਦਾ ਜਨਮ ਮੁਲਤਾਨ ਵਿਚ ਹੋਇਆ ਸੀ। ਉਹ ਪ੍ਰਸਿੱਧ ਸਮਰਾਟ ਵਿਕ੍ਰਮਾਦਿੱਤ, ਰਾਜਾ ਭੋਜ ਅਤੇ ਰਾਜਾ ਜੈ ਸਿੰਘ ਦੇ ਖਾਨਦਾਨ ਵਿਚੋਂ ਸਨ। ਉਨ੍ਹਾਂ ਦੇ ਦਾਦਾ ਜੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੀ ਫੌਜ ਵਿਚ ਜਰਨੈਲ ਸਨ ਅਤੇ ਮੁਗਲਾਂ ਵਿਰੁੱਧ ਜੰਗਾਂ ਵਿਚ ਲੜਦੇ ਰਹੇ। ਭਾਈ ਸਾਹਿਬ ਦੇ ਗਿਆਰਾਂ ਭਰਾ ਗੁਰੂਆਂ ਦੀ ਸੇਵਾ ਕਰਦਿਆਂ ਸ਼ਹੀਦ ਹੋਏ। ਇਨ੍ਹਾਂ ਵਿਚ ਇੱਕ ਭਾਈ ਦਿਆਲਾ ਜੀ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਦੇ ਨਾਲ ਦਿੱਲੀ ਵਿਚ ਸ਼ਹੀਦ ਹੋਏ ਸਨ। ਭਾਈ ਸਾਹਿਬ ਦੇ ਸੱਤ ਸਪੁਤਰ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀਆਂ ਮੁਗਲਾਂ ਨਾਲ ਹੋਈਆਂ ਜੰਗਾਂ ਵਿਚ ਸ਼ਹੀਦ ਹੋਏ। ਉਨ੍ਹਾਂ ਦੇ ਸਪੁੱਤਰ ਭਾਈ ਦੇਸਾ ਸਿੰਘ ਜੀ ਨੇ ਸਿੱਖ 'ਰਹਿਤਨਾਮਾ' ਤਿਆਰ ਕਰਨ ਦੀ ਸੇਵਾ ਕੀਤੀ ਸੀ।

ਭਾਈ ਮਨੀ ਸਿੰਘ ਜੀ ਇੱਕ ਮਹਾਨ ਵਿਦਵਾਨ ਸਨ। ਉਹ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਹੈੱਡ ਗ੍ਰੰਥੀ ਸਨ। ਉਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ (ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਜੋੜ ਕੇ), ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚੇ ਗਏ 'ਆਦਿ-ਗ੍ਰੰਥ' ਨੂੰ ਅਪਡੇਟ ਕਰਨ ਦੀ ਸੇਵਾ ਕੀਤੀ ਸੀ। ਇਸੇ ਸੰਸਕਰਣ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਕਿਹਾ ਜਾਂਦਾ ਹੈ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ, ਸਾਰੇ ਸਿੱਖਾਂ ਦੇ ਸਦੀਵੀ ਗੁਰੂ ਵਜੋਂ ਸਥਾਪਿਤ ਕੀਤਾ ਗਿਆ ਸੀ। ਭਾਈ ਸਾਹਿਬ ਨੇ ਹੀ ਦਸਮ ਪਿਤਾ ਦੀ ਬਾਣੀ ਇਕੱਤਰ ਕਰ ਕੇ 'ਦਸਮ ਗ੍ਰੰਥ' ਤਿਆਰ ਕੀਤਾ ਸੀ। ਉਨ੍ਹਾਂ ਨੇ ਜਪੁਜੀ ਸਾਹਿਬ ਦਾ 'ਟੀਕਾ' ਕੀਤਾ ਅਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਉਤੇ ਅਧਾਰਿਤ ਦੋ ਪੁਸਤਕਾਂ (ਗਿਆਨ ਰਤਨਾਵਲੀ ਅਤੇ ਭਗਤ ਰਤਨਾਵਲੀ) ਲਿਖੀਆਂ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਤਨੀ ਮਾਤਾ ਅਜੀਤ ਕੌਰ (ਜਿਸ ਨੂੰ ਮਾਤਾ ਸੁੰਦਰੀ ਜੀ ਵੀ ਕਿਹਾ ਜਾਂਦਾ ਹੈ) ਜੀ ਨੇ ਭਾਈ ਮਨੀ ਸਿੰਘ ਨੂੰ ਕਿਹਾ ਕਿ ਉਹ ਸਿੱਖ ਸਮੂਹਾਂ ਦੇ ਆਪਸੀ ਝਗੜਿਆਂ ਨੂੰ ਸੁਲਝਾਉਣ ਅਤੇ ਕੌਮ ਨੂੰ ਇਕਜੁੱਟ ਕਰਨ। ਭਾਈ ਸਾਹਿਬ ਨੇ ਦੀਵਾਲੀ ਨੂੰ ਦਰਬਾਰ ਸਾਹਿਬ ਵਿਖੇ ਖਾਲਸੇ ਨੂੰ ਇਕੱਠੇ ਕਰਨ ਦੀ ਯੋਜਨਾ ਬਣਾਈ। ਇਸ ਵੱਡੇ ਇਕੱਠ ਦੀ ਇਜਾਜ਼ਤ ਦੇਣ ਲਈ ਪੰਜਾਬ ਦੇ ਮੁਗਲ ਗਵਰਨਰ ਜ਼ਕਰੀਆ ਖਾਨ ਨੇ ਟੈਕਸ ਦੇ 5000 ਸੋਨੇ ਦੇ ਸਿੱਕਿਆਂ ਦੀ ਸ਼ਰਤ ਰੱਖੀ।

ਭਾਈ ਮਨੀ ਸਿੰਘ ਨੇ ਇਹ ਸ਼ਰਤ ਸਵੀਕਾਰ ਕੀਤੀ ਅਤੇ ਪੰਜਾਬ ਭਰ ਦੇ ਸਿੱਖਾਂ ਨੂੰ ਚਿੱਠੀਆਂ ਭੇਜ ਦਿੱਤੀਆਂ। ਬਾਅਦ ਵਿੱਚ, ਜ਼ਕਰੀਆ ਖਾਨ ਦੁਆਰਾ ਇਜਾਜ਼ਤ ਵਾਪਸ ਲੈ ਲਈ ਗਈ। ਸ੍ਰੀ ਦਰਬਾਰ ਸਾਹਿਬ ਉਸ ਸਮੇਂ ਮੁਗਲਾਂ ਦੇ ਨਾਜਾਇਜ਼ ਕਬਜ਼ੇ ਹੇਠ ਸੀ। ਮੁਗਲਾਂ ਨੂੰ ਡਰ ਸੀ ਕਿ ਸਿੱਖ ਇੱਕਜੁੱਟ ਹੋ ਕੇ ਆਪਣੇ ਪਵਿੱਤਰ ਸਥਾਨ ਉੱਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰ ਸਕਦੇ ਹਨ। ਭਾਈ ਮਨੀ ਸਿੰਘ ਜੀ ਨੇ ਜ਼ਕਰੀਆ ਖਾਨ ਨੂੰ ਟੈਕਸ ਦੇਣ ਤੋਂ ਇਨਕਾਰ ਕਰ ਦਿੱਤਾ, ਅਤੇ ਇਕੱਠ ਰੱਦ ਕਰ ਦਿੱਤਾ।

ਟੈਕਸ ਦੇਣ ਤੋਂ ਇਨਕਾਰ ਕਰਨ 'ਤੇ, ਭਾਈ ਮਨੀ ਸਿੰਘ ਜੀ ਨੂੰ ਮੁਗਲਾਂ ਨੇ ਗ੍ਰਿਫਤਾਰ ਕਰ ਲਿਆ ਅਤੇ ਲਾਹੌਰ ਜ਼ਕਰੀਆ ਖਾਨ ਦੇ ਦਰਬਾਰ ਵਿਚ ਲਾਹੌਰ ਲਿਆਂਦਾ ਗਿਆ। ਜ਼ਕਰੀਆ ਖਾਨ ਨੇ ਕਿਹਾ ਜੇਕਰ ਤੁਸੀਂ ਇਸਲਾਮ ਕਬੂਲ ਕਰ ਲਵੋ ਤਾਂ ਮੈਂ ਤੁਹਾਨੂੰ ਇੱਕ ਵੱਡੀ ਜ਼ਮੀਨ ਅਤੇ ਆਪਣੇ ਦਰਬਾਰ ਵਿੱਚ ਇੱਕ ਤਖਤ ਦਿਆਂਗਾ। ਭਾਈ ਜੀ ਨੇ ਕਿਹਾ, "ਸਾਨੂੰ ਤੁਹਾਡੇ ਧਰਮ ਨਾਲ ਕੋਈ ਵੈਰ ਨਹੀਂ ਹੈ। "ਏਕ ਨੂਰ ਤੇ ਸਭੁ ਜਗੁ ਉਪਿਜਆ ਕਉਨ ਭਲੇ ਕੋ ਮੰਦੇ॥" ਸੱਚਾ ਸਿੱਖ ਧਰਮ (ਦੀ ਜੰਗ ਦਾ ਮੈਦਾਨ) ਨਹੀਂ ਛੱਡਦਾ।

ਅਗਲੇ ਦਿਨ ਜ਼ਕਰੀਆ ਖਾਨ ਨੇ ਕਾਜ਼ੀ ਨੂੰ ਬੁਲਾ ਕੇ ਕਿਹਾ: "ਇਸ ਕਾਫਿਰ ਦੇ, ਜੋ ਇਸਲਾਮ ਨੂੰ ਮੰਨਣ ਤੋਂ ਇਨਕਾਰ ਕਰਦਾ ਹੈ, ਟੁਕੜੇ ਕਰ ਕੇ, ਅੰਗ-ਅੰਗ ਕੱਟ ਦਿੱਤੇ ਜਾਣ।" ਭਾਈ ਮਨੀ ਸਿੰਘ ਜੀ ਨੇ ਕਿਹਾ, "ਮੈਂ ਡਰਦਾ ਨਹੀਂ ਹਾਂ। ਉਨ੍ਹਾਂ ਜਪੁਜੀ ਸਾਹਿਬ ਦਾ ਪਾਠ ਕੀਤਾ, ਉੱਚੀ ਆਵਾਜ਼ ਵਿਚ ਗਰਜੇ "ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ", ਅਤੇ ਜਲਾਦ ਨੂੰ ਕਿਹਾ, "ਆ, ਹੁਣ ਮੈਂ ਅਤੇ ਤੂੰ ਗੱਲ ਕਰਾਂਗੇ।" ਭਾਈ ਸਾਹਿਬ ਨੇ ਅੱਗੇ ਆ ਕੇ "ਸਤਿਨਾਮ ਵਾਹਿਗੁਰੂ" ਕਿਹਾ ਅਤੇ ਆਪਣਾ ਹੱਥ ਇੱਕ ਲੱਕੜ ਉੱਤੇ ਰੱਖ ਕੇ ਕਿਹਾ, "ਮੈਨੂੰ ਟੁਕੜੇ ਕਰ ਦਿਓ। ਤੁਸੀਂ ਮੇਰੀਆਂ ਸਾਰੀਆਂ ਉਂਗਲਾਂ ਨਹੀਂ ਕੱਟੀਆਂ।" ਭਾਈ ਸਾਹਿਬ ਦੇ ਸਰੀਰ ਦੇ ਛੋਟੇ ਛੋਟੇ ਟੁਕੜੇ ਕਰ ਦਿੱਤੇ ਗਏ। ਭਾਈ ਮਨੀ ਸਿੰਘ ਜੀ ਅਡੋਲ ਕੇਵਲ ਗੁਰਬਾਣੀ ਦਾ ਪਾਠ ਕਰਦੇ ਰਹੇ।

ਸਿੱਖ 'ਅਰਦਾਸ' ਵਿਚ ਉਨ੍ਹਾਂ ਨੂੰ ਯਾਦ ਕਰਦੇ ਹਨ।

**(ਡਾ. ਰਾਜਬੀਰ ਸਿੰਘ ਭੱਟੀ)**

22 ਅਪ੍ਰੈਲ ਧਰਤੀ ਦਿਵਸ ਤੇ ਵਿਸ਼ੇਸ਼-

## ਧਰਤੀ ਮਾਂ ਦੀ ਪੁਕਾਰ

ਗੁਰਦੀਸ਼ ਕੌਰ ਦੀਸ਼- ਕੈਲਗਰੀ- ਕੈਨੇਡਾ

'ਦੀਸ਼' ਆਪਣੀ ਹੋਂਦ ਬਚਾਓ।



ਮੈਂ ਧਰਤੀ ਮਾਂ ਕਰਾਂ ਪੁਕਾਰ।
ਮੇਰੀ ਵੀ ਹੁਣ ਲੈ ਲਓ ਸਾਰ।

ਨਾ ਸ਼ੁਧ ਹਵਾ ਨਾ ਸ਼ੁਧ ਪਾਣੀ,
ਕੀ ਕਰੇ ਧਰਤੀ ਮਾਂ ਰਾਣੀ।

ਸ਼ੋਰ ਸ਼ਰਾਬਾ ਵੀ ਕੰਨ ਪਾੜੇ,
ਧੂੰਆਂ ਮੇਰੇ ਦਿਲ ਨੂੰ ਸਾੜੇ।

ਜੀਵ ਜੰਤੂ ਵੀ ਮੁੱਕਣ ਲੱਗੇ,
ਫੁੱਲ ਬੂਟੇ ਵੀ ਸੁੱਕਣ ਲੱਗੇ।

ਵਟਸਐਪ: +91 98728 60488
ਪਾਣੀ ਹੈ ਜ਼ਹਿਰੀਲਾ ਹੋਇਆ,
ਜਿਊਣ ਦਾ ਹੱਕ ਤੁਸਾਂ ਹੈ ਖੋਹਿਆ।




ਕੂੜਾ ਏਨਾ ਸੁੱਟੀ ਜਾਵੋ,
ਸਾਹ ਮੇਰਾ ਤਾਂ ਘੁੱਟੀ ਜਾਵੋ।

ਹੋਈ ਜਾਣ 'ਓਜ਼ੋਨ' 'ਚ ਛੇਕ,
ਸੂਰਜ ਦਾ ਹੁਣ ਸਾੜੂ ਸੇਕ।

ਜੇ ਪ੍ਰਦੂਸ਼ਣ ਵਧਦਾ ਜਾਊ,
ਇੱਕ ਦਿਨ ਪਰਲੋ ਹੀ ਆ ਜਾਊ।




ਹਰ ਬੰਦਾ ਜੇ ਰੁੱਖ ਲਗਾਏ,
ਸਭ ਤੋਂ ਵੱਡਾ ਪੁੰਨ ਕਮਾਏ।

ਅਜੇ ਵੀ ਸੰਭਲ ਜਾਓ ਲੋਕੋ,
ਜਬਰੀ ਮੇਰਾ ਸਾਹ ਨਾ ਰੋਕੋ।

ਹਰਿਆਲੀ ਨਾਲ ਧਰਤ ਸਜਾਓ,

# ਧੰਨ ਗੁਰੂ ਨਾਨਕ

**ਨਾਨਕਸ਼ਾਹੀ ਸੰਮਤ ਅਨੁਸਾਰ ਗੁਰੂ ਨਾਨਕ ਸਾਹਿਬ ਦਾ ਅਵਤਾਰ**
**1 ਵਿਸਾਖ (14 ਅਪਰੈਲ) 1469 ਵਿਚ ਹੋਇਆ ਸੀ**

ਨਾਨਕ ਸੋਭਾ ਆਓ ਸਾਰੇ ਮਿਲ ਕੇ ਗਾਈਏ
ਜਿਸ ਦੀਆਂ ਦਾਤਾਂ 'ਚੋਂ ਕੋਈ ਤਾਂ ਪੱਲੇ ਬੰਨ ਲਾਈਏ
ਭਰਮਾਂ ਦੇ ਹਨੇਰਿਆਂ ਤੋਂ ਆਓ ਬਾਹਰ ਆਈਏ
ਰਸਨਾ ਕਰੀਏ ਪਵਿੱਤ ਇਹ ਜਨਮ ਬਚਾਈਏ।

ਨਾਨਕ ਹੀ ਬਾਬਰ ਨੂੰ 'ਜਾਬਰ' ਕਹਿ ਸਕਦਾ ਸੀ
ਰੱਬ ਨੂੰ ਜਿਸ ਨੇ ਸਿੱਧਾ ਹੀ ਇਹ ਪ੍ਰਸ਼ਨ ਸੀ ਕੀਤਾ
ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ
ਕਰਤਾ ਤੂੰ ਸਭਨਾ ਕਾ ਸੋਈ।

ਨਾਨਕ ਸੀ ਜਿਸ ਊਚ ਨੀਚ ਦਾ ਭੇਦ ਮਿਟਾਇਆ
ਔਰਤ ਨੂੰ ਜਿਸ ਮਾਣ ਸੀ ਪਹਿਲੀ ਵਾਰ ਦਵਾਇਆ
ਭਟਕੇ ਹੋਏ ਲੋਕਾਂ ਨੂੰ ਸੀ 'ਰਾਹ' ਵਖਾਇਆ
ਝੂਠਿਆਂ ਨੂੰ ਜਿਸ "ਸਚਿਆਰ" ਬਣਾਇਆ।

ਮਿੱਠੀਆਂ ਧੁਨਾਂ ਰਬਾਬ ਦੀਆਂ ਤੇ
ਰੱਬੀ ਗਿਆਨ ਜਹਾਨ 'ਚ ਜਿਸ ਆ ਫੈਲਾਇਆ
ਮੋਹ ਪਰਿਵਾਰ ਦਾ ਤਿਆਗ ਕੇ
ਸਭ ਜਗਤ ਤਰਾਇਆ।

'ਚੇਤੇ ਰੱਖੋ ਇੱਕੋ ਨੂੰ' ਇਹੋ ਪਾਠ ਪੜ੍ਹਾਇਆ
ਕਿਰਤ ਕਰੋ ਈਮਾਨ ਦੀ ਤੇ ਵੰਡ ਕੇ ਛਕੋ
ਘਾਲ ਕਰੋ ਤੇ ਹਥੋਂ ਦੇਵੋ
ਇਹ ਰਾਹ ਦਰਸਾਇਆ।

ਸ੍ਰਿਸ਼ਟੀ ਕਿੰਜ ਸੀ ਰਚੀ ਗਈ
ਇਹ ਭੇਦ ਸੀ ਖੋਲਿਆ
ਸਦੀਆਂ ਤੋਂ ਖੋਜੀ ਲੱਭਦੇ ਪਏ
ਵਿਚ ਬਾਣੀ ਦਸਿਆ।

ਕੁਦਰਤ ਦਾ ਸਤਿਕਾਰ ਸਿਖਾਇਆ
ਹਰ ਸ਼ੈ ਵਿੱਚ ਕਰਤਾਰ ਸੀ ਦਸਿਆ
ਭੁਲਣ ਦਾ ਇਵਜ਼ਾਨਾ ਵੇਖੋ
ਜਗ ਹੈ ਅੱਜ ਰੋ ਰੋ ਪਛਤਾਉਂਦਾ।

ਦੁਨੀਆਂ ਜਿੱਤਣ ਸਿਕੰਦਰ ਤੁਰਿਆ
ਕਈ ਚੰਗੇਜ਼ ਤੇ ਹਿਟਲਰ ਆਏ
ਪਰ ਇਹ ਕੁਲ ਹੰਕਾਰੀ - ਵੇਖੋ
ਤੁਰ ਗਏ ਖਾਲੀ ਹੱਥ ਲਟਕਾਏ।

ਕਤਲੋ-ਗਾਰਤ ਕਰ ਕੇ - ਵੇਖੋ
ਕਿਸੇ ਦੇ ਹੱਥ 'ਚ ਕੁਛ ਨਾ ਆਇਆ
ਨਫਰਤ ਦੇ ਜਿਨ ਬੀਜ ਖਿਲ਼ਾਰੇ
ਬਰਬਾਦੀ ਦੇ ਜੰਗਲ ਛੱਡ ਗਏ।

ਧੰਨ ਗੁਰੂ ਨਾਨਕ ਸਾਹਿਬ ਗਾਈਏ
ਪਿਆਰ ਦੇ ਜਿਨ੍ਹਾਂ ਬਾਗ ਲਗਾਏ
ਦਿਲ ਦੁਨੀਆਂ ਦੇ ਨਾਨਕ ਜਿੱਤੇ
ਰਾਜ ਕਰ ਰਹੇ ਸਦੀਆਂ ਉਤੇ।

(ਡਾ.) ਸੁਰਜੀਤ ਸਿੰਘ ਭੱਟੀ
ਕੈਲਗਰੀ (ਕੈਨੇਡਾ)

# ਇੱਕ ਪ੍ਰੇਰਣਾਮਈ ਲਿਖਤ



**ਸਰਦਾਰ ਜਨਮੇਜਾ ਸਿੰਘ ਜੌਹਲ**
ਪਿੰਕੀ ਹਰਬਲ ਗਾਰਡਨ, ਲਲਤੋਂ,
ਲੁਧਿਆਣਾ (ਭਾਰਤ)


ਮਈ ਦਿਵਸ ਦਾ ਰੌਣਕ ਮੇਲਾ ਜੋਬਨ ਤੇ ਸੀ। ਮੈਂ ਵੀ ਪਾਰਕ ਵਿਚ ਲੱਗੇ ਕਿਤਾਬਾਂ ਦੇ ਸਟਾਲਾਂ ਤੇ ਗੇੜਾ ਮਾਰ ਰਿਹਾ ਸੀ। ਹਰ ਸਾਲ ਇਹ ਮੇਲਾ ਲੁਧਿਆਣੇ ਲੱਗਦਾ ਹੈ, ਦਿਨੇ ਕਿਤਾਬਾਂ ਦੀ ਗੱਲ ਹੁੰਦੀ ਹੈ ਤੇ ਰਾਤ ਨੂੰ ਨਾਟਕ ਹੁੰਦੇ ਹਨ। ਭਾਵੇਂ ਹਰ ਸਾਲ ਰੌਣਕ ਘੱਟ ਰਹੀ ਹੈ, ਪਰ ਫੇਰ ਵੀ ਵਾਹਵਾ ਲੋਕ ਆ ਜਾਂਦੇ ਹਨ। ਕਈ ਮਿੱਤਰ ਪਿਆਰੇ ਮਿਲ ਜਾਂਦੇ ਹਨ। ਇੱਥੇ ਜ਼ਿਆਦਾ ਕਾਮਰੇਡੀ ਪੁੱਠ ਵਾਲੀਆਂ ਕਿਤਾਬਾਂ ਹੁੰਦੀਆਂ ਹਨ, ਪਰ ਫੇਰ ਵੀ ਕੋਈ ਨਾ ਕੋਈ ਪਸੰਦ ਦੀ ਕਿਤਾਬ ਮਿਲ ਹੀ ਜਾਂਦੀ ਹੈ।

ਮੇਰੇ ਖੱਬੇ ਮੋਢੇ ਦੇ ਦਰਦ ਕਰਕੇ, ਮੈਂ ਸਿਰ ਇਕ ਕਪੜੇ ਦੀ ਸਾਦਾ ਟੋਪੀ ਨਾਲ ਢੱਕ ਲੈਂਦਾ ਸੀ ਕਿਉਂਕੇ ਮੇਰੇ ਕੋਲੋਂ ਪੱਗ ਨਹੀਂ ਸੀ ਬੱਝਦੀ ਤੇ ਕਿਸੇ ਕੋਲੋਂ ਪੱਗ ਬਨਾਉਣਾ ਮੈਨੂੰ ਚੰਗਾ ਨਹੀਂ ਸੀ ਲੱਗਦਾ।

ਫਿਰਦੇ ਫਿਰਦੇ ਇਕ ਕਿਤਾਬਾਂ ਦੇ ਸਟਾਲ ਤੇ ਪਹੁੰਚਿਆ। ਸਟਾਲ ਦਾ ਮਾਲਕ ਸੋਹਣਾ ਸਮਾਰਟ ਸੀ। ਖ਼ੁਸ਼ ਚਿਹਰਾ ਤੇ ਸੋਹਣੀ ਲਾਲ ਪੱਗ। ਜਾਣਦਾ ਤਾਂ ਮੈਂ ਉਹਨੂੰ ਕਈ ਦਹਾਕਿਆ ਤੋਂ ਸੀ, ਪਰ ਅੱਜ ਉਸ ਮੈਨੂੰ ਅੰਦਰੋਂ ਝੰਜੋੜ ਦਿੱਤਾ, ਮੈਨੂੰ ਆਪਣੇ ਆਪ ਤੇ ਸ਼ਰਮ ਵੀ ਆ ਰਹੀ ਸੀ ਤੇ ਗੁੱਸਾ ਵੀ। ਕਿ ਕਿਵੇਂ ਅਸੀਂ ਕਿਸੇ ਛੋਟੀ ਜਿਹੀ ਬਿਮਾਰੀ ਨੂੰ ਬਤੰਗੜ ਬਣਾ ਲੈਂਦੇ ਹਾਂ ਤੇ ਖੁੱਲ੍ਹਾਂ ਲੈਣ ਦੇ ਆਦੀ ਹੋ ਜਾਂਦੇ ਹਾਂ।

ਮੈਂ ਸੱਜੇ ਹੱਥ ਨਾਲ ਆਪਣਾ ਮੋਢਾ ਚੈੱਕ ਕੀਤਾ, ਕੂਹਣੀ ਚੈੱਕ ਕੀਤੀ, ਹੱਥ ਤੇ ਹੱਥ ਦੀਆਂ ਉਂਗਲੀਆਂ ਚੈੱਕ ਕੀਤੀਆਂ, ਸਭ ਕੁਝ ਹਾਜ਼ਰ ਸੀ ਤੇ ਥੋੜਾ ਬਹੁਤ ਚੱਲਦਾ ਵੀ ਸੀ। ਆਪਣੇ ਆਪ ਨੂੰ ਫਿੱਟ ਲਾਹਨਤ ਪਾਈ ਕਿ ਤੇਰੇ ਕੋਲ ਸਭ ਕੁਝ ਹੈ, ਤੂੰ ਬਹਾਨੇ ਨਾ ਮਾਰ, ਅੱਜ ਤੋਂ ਬਿਨ੍ਹਾਂ ਕਿਸੇ ਦੀ ਮਦਦ ਲਏ ਪੱਗ ਬੰਨ੍ਹੇਗਾ।



ਤੇ ਮੈਂ ਮੇਲਾ ਵਿਚ ਛੱਡ ਕਿ ਘਰ ਆ ਕੇ 40 ਮਿੰਟ ਲਾ ਕੇ ਪੱਗ ਬੰਨੀ ਤੇ *ਮੁੜ ਮੇਲੇ ਵਿਚ ਜਾ ਕੇ, ਉਸ ਖੂਬਸੂਰਤ ਪੱਗ ਵਾਲੇ ਪਰ ਬਿਨ੍ਹਾਂ ਖੱਬੀ ਬਾਂਹ ਵਾਲੇ ਇਨਸਾਨ ਨੂੰ ਸਿਜਦਾ ਕੀਤਾ।

ਕਦੇ ਵੀ ਹੌਂਸਲਾ ਨਾ ਹਾਰਨ ਵਾਲੀ ਸੋਚ ਵੱਲ ਇਹ ਇਕ ਵੱਡਾ ਕਦਮ ਹੋ ਨਿਬੜਿਆ।



# ਗੁਰਬਾਣੀ ਮੁਤਾਬਿਕ ਸਵਾਲ-ਜਵਾਬ (ਭਾਗ - 6)

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਓਨਟਾਰੀਓ (ਕੈਨੇਡਾ)

(ਨੋਟ : ਇਸ ਲੜੀ ਵਿਚ ਪਿਛਲੇ ਭਾਗਾਂ ਵਿਚ **"ਗੁਰਬਾਣੀ ਮੁਤਾਬਿਕ ਸਵਾਲ-ਜਵਾਬ"** ਪੜ੍ਹਨ ਲਈ ਕਿਰਪਾ ਕਰਕੇ **"ਸਾਂਝੀ ਵਿਰਾਸਤ"** ਦੇ ਨਵੰਬਰ, ਦਸੰਬਰ 2022 ਅਤੇ ਜਨਵਰੀ, ਫਰਵਰੀ, ਮਾਰਚ 2023 ਦੇ ਅੰਕ ਦੇਖੋ ਜੀ)

**31. ਸਹੀ ਮਾਇਨਿਆਂ 'ਚ ਪਰਮਾਤਮਾ ਦੇ ਗੁਣ ਕੌਣ ਗਾਉਂਦੇ ਹਨ ?**

ਪਰਮਾਤਮਾ ਦੇ ਪ੍ਰੇਮ 'ਚ ਰੱਤੇ ਉਸਦੇ ਰਸੀਏ ਭਗਤ ਜਨ ਜੋ ਉਸਨੂੰ ਭਾਉਂਦੇ ਹਨ!

"ਸੇਈ ਤੁਧੁ ਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥" ਅੰਗ 6॥

**32. ਸਤਿਗੁਰੂ ਨਾਨਕ ਦੇਵ ਜੀ ਨੇ ਜੋਗੀਆਂ ਨੂੰ ਕਿਹੜੇ ਗੁਣ ਗ੍ਰਹਿਣ ਕਰਨ ਨੂੰ ਕਿਹਾ ਸੀ ?**

ਸੰਤੋਖ, ਸਰਮ (ਮਿਹਨਤ), (ਪ੍ਰਭੂ ਵਲ) ਧਿਆਨ, ਸ਼ਰੀਰ ਨੂੰ ਵਿਕਾਰਾਂ ਤੋਂ ਰਹਿਤ ਰੱਖਣਾ, ਪਰਮਾਤਮਾ 'ਚ ਸ਼ਰਧਾ/ਯਕੀਨ, ਦਯਾ, ਪਰਮੇਸ਼ਰ ਦਾ ਗਿਆਨ, ਤੇ ਉਸਨੂੰ ਨਮਸਕਾਰ ਕਰਨਾ! ਜਪੁਜੀ ਸਾਹਿਬ, ਪਉੜੀ 28, ਅੰਗ 6॥

**33. ਜਗਤ ਨੂੰ ਕਿੱਦਾਂ ਜਿਤਿਆ ਜਾ ਸਕਦਾ ਹੈ ?**

ਮਨ ਨੂੰ ਜਿਤਣ ਨਾਲ!

"ਮਨਿ ਜੀਤੈ ਜਗੁ ਜੀਤੁ ॥" ਅੰਗ 6॥

**34. ਮਾਇਆ ਦੇ ਤਿੰਨ ਚੇਲੇ (ਪੁੱਤਰ) ਕਿਹੜੇ ਹਨ ?**

ਬ੍ਰਹਮਾ, ਵਿਸ਼ਨੂੰ ਤੇ ਮਹੇਸ਼! ਭਾਵ ਇਹ ਤਿੰਨੇ ਮਾਇਆ 'ਚ ਹਨ; ਇਹਨਾਂ 'ਚੋਂ ਪਰਮਾਤਮਾ ਕੋਈ ਨਹੀਂ ਹੈ, ਕਿਉਂਕਿ ਪਰਮਾਤਮਾ ਮਾਇਆ ਦੇ ਪ੍ਰਭਾਵ ਤੋਂ ਰਹਿਤ ਹੈ।



"ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥

ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥"

॥ਅੰਗ 7॥

**35. ਕੀ ਅਸੀਂ ਆਪਣੇ ਜੋਰ ਨਾਲ ਗਿਆਨ ਵਿਚਾਰ, ਸੁਰਤੀ ਤੇ ਹੋਰ ਕੋਈ ਚੀਜ਼ ਪ੍ਰਾਪਤ ਕਰ ਸਕਦੇ ਹਾਂ ?**

ਜੀ ਨਹੀਂ!

"ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥

ਨਾਨਕ ਉਤਮੁ ਨੀਚੁ ਨ ਕੋਇ ॥33॥"

॥ਅੰਗ 7, ਜਪੁਜੀ ਸਾਹਿਬ, ਪਉੜੀ 33॥

**36. ਜਪੁਜੀ ਸਾਹਿਬ 'ਚ ਕਿਹੜੇ 5 ਅਧਿਆਤਮਿਕ ਖੰਡਾਂ ਦਾ ਜ਼ਿਕਰ ਹੈ ?**

ਧਰਮ ਖੰਡ
ਗਿਆਨ ਖੰਡ
ਸਰਮ ਖੰਡ
ਕਰਮ ਖੰਡ, ਅਤੇ
ਸਚਖੰਡ (ਅੰਗ 7-8)

ਇਹਨਾਂ ਖੰਡਾਂ ਦੀ ਵਿਸਥਾਰ ਪੂਰਵਿਕ ਜਾਣਕਾਰੀ ਲਈ ਦੇਖੋ ਜਪੁਜੀ ਸਾਹਿਬ, ਪਉੜੀਆਂ 34 ਤੋਂ 37 ॥

ਕੁਛ ਲੋਕ ਇਹਨਾਂ ਖੰਡਾਂ ਨੂੰ ਮਨ ਦੀਆਂ ਅਵਸਥਾਵਾਂ ਮੰਨਦੇ ਹਨ। ਲੇਕਿਨ ਇਹ ਸਹੀ ਨਹੀਂ ਹੈ। ਨਾਮ ਦੇ ਰਸੀਏ ਭਾਈ ਰਣਧੀਰ ਸਿੰਘ ਜੀ ਮੁਤਾਬਿਕ ਇਹ ਖੰਡ ਅਸਲੀਅਤ ਵਿਚ ਬ੍ਰਹਿਮੰਡ 'ਚ ਮੌਜੂਦ ਹਨ। ਅਧਿਆਤਮਿਕ ਨਜ਼ਰੀਏ ਤੋਂ ਇਹ ਠੀਕ ਲੱਗਦਾ ਹੈ।

ਧਰਮ ਖੰਡ 'ਚ ਧਰਤੀ ਮੌਜੂਦ ਹੈ। ਹਾਂ ਇਹ ਸਹੀ ਹੈ ਕਿ ਇਹਨਾਂ ਖੰਡਾਂ ਤੇ ਅੱਪੜਣ ਲਈ ਉਚੀ ਸੁਰਤ ਤੇ ਉਚੀ ਆਤਮਿਕ ਅਵਸਥਾ ਦੀ ਲੋੜ ਹੈ, ਜੋ ਕਿ ਨਾਮ 'ਚ ਪਰੀਤੀ ਪਾ ਕੇ ਨਾਮ ਜਪਣ ਨਾਲ (ਵਿਕਾਰਾਂ ਤੋਂ ਬਚਕੇ ਤੇ ਮਾਇਆ ਦੇ ਤਿੰਨ ਗੁਣਾਂ ਤੋਂ ਓੱਪਰ ਉਠ ਕੇ) ਹੀ ਪ੍ਰਾਪਤ ਹੋ ਸਕਦੀ ਹੈ!

**37. ਜਪੁਜੀ ਸਾਹਿਬ ਦੀ ਅਖੀਰਲੀ ਪਉੜੀ 'ਚ ਸਤਿਗੁਰੂ ਨਾਨਕ ਦੇਵ ਜੀ ਸਾਨੂੰ ਕਿਹੜੇ ਗੁਣ ਗ੍ਰਹਿਣ ਕਰਨ ਨੂੰ ਜਾਂ ਕਾਰ ਕਰਨ ਨੂੰ ਕਹਿ ਰਹੇ ਹਨ ?**

ਜਤੁ (ਇੰਦਰੀਆਂ ਤੇ ਕਾਬੂ), ਧੀਰਜ, ਮਤਿ ਉਪਰ ਗਿਆਨ ਰੂਪੀ ਹਥੌੜੇ ਦੀ ਟਕੋਰ, ਭਉ (ਪਰਮੇਸ਼ਰ ਦਾ ਡਰ/ਅਦਬ), ਤਪ (ਭਗਤੀ ਮਾਰਗ ਤੇ ਕਰੜੀ ਘਾਲ ਕਮਾਈ!); ਪਰੇਮ ਰੂਪੀ ਭਾਂਡਾ (ਹਿਰਦਾ) ਤੇ ਉਸ ਵਿਚ ਅਮ੍ਰਿਤ ਨਾਮ ਨੂੰ ਢਾਲ਼ ਕੇ ਗੁਰ ਸ਼ਬਦ ਦੀ ਸੱਚੀ ਟਕਸਾਲ ਘੜੋ । ਇਹ ਕਾਰ ਉਹਨਾਂ ਮਨੱਖਾਂ ਦੀ ਹੈ, ਜਿਨ੍ਹਾਂ ਉੱਤੇ ਮਿਹਰ ਦੀ ਨਜ਼ਰ ਹੁੰਦੀ ਹੈ, ਜਿਨ੍ਹਾਂ ਉੱਤੇ ਬਖਸ਼ਸ਼ ਹੁੰਦੀ ਹੈ। ਸਤਿਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਅਜਿਹੇ ਮਨੁੱਖ ਅਕਾਲ ਪੁਰਖ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਨਿਹਾਲ ਜਾਂਦੇ ਹਨ।

"ਜਿਨ ਕਉ ਨਦਰਿ ਕਰਮੁ ਤਿਨ ਕਾਰ ॥ ਨਾਨਕ ਨਦਰੀ ਨਦਰਿ ਨਿਹਾਲ ॥38॥" ਅੰਗ 8॥'

**38. ਸਾਡੇ ਚੰਗੇ ਮੰਦੇ ਕਰਮਾਂ ਨੂੰ ਕੋਈ ਪਰਖਦਾ ਹੈ ?**

ਹਾਂ ਜੀ, ਧਰਮ ਰਾਇ ਪਰਖਦਾ ਹੈ।

"ਚੰਗਿਆਈਆ ਬੁਰਿਆਈਆ, ਵਾਚੈ ਧਰਮੁ ਹਦੂਰਿ"

**39. ਪਰਮਾਤਮਾ ਦੇ ਅਸੀਂ ਨੇੜੇ ਜਾਂ ਦੂਰ ਕਿੱਦਾਂ ਹੁੰਦੇ ਹਾਂ ?**

ਆਪਣੇ ਕਰਮਾਂ ਕਰਕੇ; ਚੰਗੇ ਕਰਮਾਂ ਕਰਕੇ ਨੇੜੇ ਤੇ ਮੰਦੇ ਕਰਮਾਂ ਕਰਕੇ ਪਰਮਾਤਮਾ ਤੋਂ ਦੂਰ ਹੁੰਦੇ ਹਾਂ ।

"ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥ ਅੰਗ 8॥"

ਪੰਜ ਵਿਕਾਰਾਂ ਕਰਕੇ ਅਸੀਂ ਮੰਦੇ ਕਰਮ ਕਰਦੇ ਹਾਂ ਤੇ ਪਰਮਾਤਮਾ ਤੋਂ ਦੂਰ ਹੁੰਦੇ ਜਾਂਦੇ ਹਾਂ।

ਭਗਤ ਰਵੀਦਾਸ ਜੀ ਦਾ ਸੁੰਦਰ ਫੁਰਮਾਨ ਹੈ :

"ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ ॥

ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ ॥2॥"
॥ਅੰਗ 710॥

**40. ਮਨੁੱਖਾ ਜਨਮ 'ਚ ਮਿਹਨਤ ਮੁਸ਼ੱਕਤ ਕਿਹਦੀ ਸਫਲ ਹੁੰਦੀ ਹੈ? ਭਾਵ ਮਨੁੱਖਾ ਜਨਮ ਕਿਹਦਾ ਸਫਲ ਹੁੰਦਾ ਹੈ? ਅਤੇ ਕਿਹਨਾਂ ਦੇ ਮੁਖ (ਲੋਕ ਪ੍ਰਲੋਕ 'ਚ) ਉੱਜਲ ਹੁੰਦੇ ਹਨ ?**

ਜਿਹੜੇ ਨਾਮ ਨੂੰ ਧਿਆਉਂਦੇ ਹਨ ਅਤੇ ਉਹਨਾਂ ਦੀ ਸੰਗਤ 'ਚ ਅਨੇਕਾਂ ਹੀ ਮਾਇਆ ਦੇ ਬੰਧਨਾਂ ਤੋਂ ਛੁਟ ਜਾਂਦੇ ਹਨ।

"ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲ ॥1॥"

॥ ਅੰਗ 8।

**Suggestions of the Webinar held by Global Sikh Council (GSC)**
**PUJARI-WAAD in SIKH GURDWARAS**

## ਸਿੱਖੀ ਵਿੱਚ ਪੁਜਾਰੀਵਾਦ ਬਾਰੇ (ਗਲੋਬਲ ਸਿੱਖ ਕੌਂਸਿਲ ਵਲੋਂ) ਕਰਵਾਏ ਵੈਬੀਨਾਰ ਵਿਚ ਵਿਦਵਾਨਾਂ ਵਲੋਂ ਆਏ ਸੁਝਾਅ

1)ਪੁਜਾਰੀ ਅਤੇ ਪ੍ਰਚਾਰਕ ਵਿਚਲਾ ਫਰਕ ਧਿਆਨ ਵਿਚ ਰੱਖਣਾ ਚਾਹੀਦਾ ਹੈ। ਪ੍ਰਚਾਰਕ ਆਮ ਤੌਰ 'ਤੇ ਗੁਰਮਤਿ ਦੇ ਫਲਸਫੇ ਦਾ ਪ੍ਰਚਾਰ ਕਰਦਾ ਹੈ, ਜਦਕਿ ਪੁਜਾਰੀ ਰਸਮਾਂ ਨਿਭਾਉਣ ਵੱਲ ਜ਼ਿਆਦਾ ਝੁਕਾਅ ਰੱਖਦੇ ਹਨ। ਗੁਰਮਤਿ ਵਿੱਚ ਫੋਕੀਆਂ ਰਸਮਾਂ ਨੂੰ ਪ੍ਰਵਾਨ ਨਹੀਂ ਕੀਤਾ ਗਿਆ।

2)ਗੁਰਦੁਆਰੇ ਦੇ ਗ੍ਰੰਥੀ ਗੁਰੂ ਦੇ ਵਜ਼ੀਰ (ਪੁਜਾਰੀ) ਵਰਗੇ ਬਣ ਗਏ ਹਨ। ਬ੍ਰਾਹਮਣ ਪੁਜਾਰੀ ਨੂੰ ਗੁਰੂ ਮੰਨਦੇ ਹਨ। ਸਿੱਖਾਂ ਵਿੱਚ ਵੀ ਪੁਜਾਰੀਆਂ, ਗ੍ਰੰਥੀਆਂ ਅਤੇ ਤਖ਼ਤ ਜਥੇਦਾਰਾਂ ਨੇ ਸਜ਼ਾਵਾਂ / ਤਨਖਾਹਾਂ ਲਾਉਣੀਆਂ ਜਾਂ ਪੰਥ ਵਿਚੋਂ ਛੇਕਣ ਵਰਗੀਆਂ ਸਜਾਵਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਹਨ।ਸਿੱਖ ਪੁਜਾਰੀਆਂ ਦੇ ਅਜਿਹੇ ਫਰਮਾਨ ਨਾ ਮੰਨਣਯੋਗ ਹਨ।

3) ਸਾਡੇ ਗੁਰਦੁਆਰਿਆਂ ਵਿੱਚ ਗ੍ਰੰਥੀ ਦਾ ਕੰਮ ਸੰਗਤਾਂ ਨੂੰ ਗੁਰਬਾਣੀ ਦਾ ਸੰਦੇਸ਼ ਸਮਝਾਉਣਾ ਹੋਣਾ ਚਾਹੀਦਾ ਹੈ।

4) ਗੁਰਦੁਆਰਿਆਂ ਵਿੱਚ ਸਵਾਲ-ਜਵਾਬ ਦੇ ਸੈਸ਼ਨ ਹੋਣੇ ਚਾਹੀਦੇ ਹਨ, ਜਿੱਥੇ ਆਮ ਲੋਕ ਕਿਸੇ ਵੀ ਚੀਜ਼ ਬਾਰੇ ਸਪੱਸ਼ਟੀਕਰਨ ਪ੍ਰਾਪਤ ਕਰ ਸਕਣ , ਉਹਨਾਂ ਦੇ ਮਨ ਵਿੱਚ ਧਰਮ/ਗੁਰਬਾਣੀ ਦੀ ਵਿਆਖਿਆ ਸੰਬੰਧੀ ਕੋਈ ਵੀ ਸ਼ੰਕਾ ਜਾਂ ਸੁਆਲ ਹੋਵੇ, ਉਹ ਸਮਝਾਇਆ ਜਾਵੇ। ਗੁਰਦੁਆਰਿਆਂ ਵਿੱਚ ਗੁਰਬਾਣੀ ਦਾ ਪਾਠ ਹੋਵੇ ਅਤੇ ਪਾਠ ਦੇ ਅਰਥ ਸਰਲ ਤਰੀਕੇ ਨਾਲ ਸੰਗਤਾਂ ਨੂੰ ਸਮਝਾਏ ਜਾਣ।ਇੱਕੋ ਸਮੇਂ. ਗੁਰਦੁਆਰੇ ਅਧਿਆਤਮਿਕ ਗਿਆਨ ਦੀਆਂ ਸੰਸਥਾਵਾਂ ਹੋਣ।

5) ਲੋਕਾਂ ਨੂੰ ਗੁਰਬਾਣੀ ਆਪ ਪੜ੍ਹਨੀ ਚਾਹੀਦੀ ਹੈ। ਗੁਰਬਾਣੀ ਹੀ ਸਿੱਖੀ ਜੀਵਨ ਜਾਚ ਵਿਚੋਂ ਸਾਰੇ ਮਾੜੇ ਅਮਲਾਂ ਨੂੰ ਖਤਮ ਕਰਨ ਦਾ ਇੱਕ ਸਾਧਨ ਹੈ।

6)ਸੇਵਾਦਾਰਾਂ ਨੂੰ ਚੰਗੀ ਤਨਖਾਹ ਦਿੱਤੀ ਜਾਣੀ ਚਾਹੀਦੀ ਹੈ ਤਾਂ ਕਿ ਉਨ੍ਹਾਂ ਦੀਆਂ ਘੱਟੋ-ਘੱਟ ਲੋੜਾਂ ਜਰੂਰ ਪੂਰੀਆਂ ਹੋਣ, ਨਹੀਂ ਤਾਂ ਉਹ ਨਿੱਕੀ-ਨਿੱਕੀ ਪ੍ਰਾਪਤੀ ਲਈ ਮਨਮੱਤ ਫੈਲਾਉਣ ਦੇ ਲਾਲਚ ਵਿਚ ਰਹਿੰਦੇ ਹਨ।ਇਸ ਵਿੱਚ ਵਿੱਤੀ ਲਾਭ, ਜਿਸ ਦੀ ਪੂਰਤੀ ਲਈ ਅਰਦਾਸ ਕਰਨਾ ਸ਼ਾਮਲ ਹੈ।

ਹਰ ਸਿੱਖ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਕੀਰਤਨ/ਅਰਦਾਸ/ਹੁਕਮਨਾਮਾ ਲੈਣਾ ਆਪ ਸਿੱਖਣਾ ਚਾਹੀਦਾ ਹੈ। ਇਸ ਨਾਲ ਪੁਜਾਰੀਆਂ 'ਤੇ ਉਨ੍ਹਾਂ ਦੀ ਨਿਰਭਰਤਾ ਘੱਟ ਜਾਵੇਗੀ। ਗੁਰਦੁਆਰਿਆਂ ਵਿੱਚ, ਦਿਨ ਪ੍ਰਤੀ ਦਿਨ ਸੰਗਤਾਂ ਨੂੰ ਆਪ ਸੇਵਾ ਕਰਨੀ ਚਾਹੀਦੀ ਹੈ। ਹਰ ਸਿੱਖ ਨੂੰ ਚਾਹੀਦਾ ਹੈ। ਇੱਕ ਪ੍ਰਚਾਰਕ ਬਣੇ,ਅਦਾਇਗੀ ਸੇਵਾਦਾਰਾਂ ਨੂੰ ਗਾਈਡ ਵਜੋਂ ਕੰਮ ਕਰਨਾ ਚਾਹੀਦਾ ਹੈ ।

7) ਜੋ ਸਾਖੀਆਂ ਗੁਰਮਤਿ ਅਨੁਸਾਰੀ ਨਹੀਂ ਹਨ ਉਨ੍ਹਾਂ ਦਾ ਪਾਠ ਗੁਰਦੁਆਰੇ/ਘਰ ਨਹੀਂ ਹੋਣਾ ਚਾਹੀਦਾ। ਅਜਿਹੇ ਨਦੀਨਾਂ ਨੂੰ ਖਤਮ ਕਰਨ ਲਈ ਉਪਰਾਲੇ ਸ਼ੁਰੂ ਕੀਤੇ ਜਾਣੇ ਚਾਹੀਦੇ ਹਨ।

8) ਸੰਗਤਾਂ ਨੂੰ ਗੁਰਬਾਣੀ ਦੇ ਸੰਦੇਸ਼ ਤੋਂ ਜਾਣੂ ਕਰਾਉਣਾ ਅਤੇ ਫੋਕੇ ,ਰੀਤੀ ਰਿਵਾਜਾਂ ਤੋਂ ਦੂਰ ਰੱਖਣ ਲਈ ਸਾਰੇ ਉਪਲਬਧ ਪਲੇਟਫਾਰਮਾਂ ਦੀ ਵਰਤੋਂ ਕਰੋ ਜਿਵੇਂ ਕਿ, ਘਰ, ਸੋਸ਼ਲ ਮੀਡੀਆ,ਔਨਲਾਈਨ ਕਲਾਸਾਂ, ਛੋਟੀਆਂ ਵੀਡੀਓਜ਼, ਗੁਰਦੁਆਰੇ, ਸਿੱਖ ਸੁਸਾਇਟੀਆਂ ਅਤੇ ਸੰਸਥਾਵਾਂ ਆਦਿ।

ਪੜ੍ਹਨ, ਸਮਝਣ ਅਤੇ ਉਤਸ਼ਾਹਿਤ ਕਰਨ ਲਈ ਖਾਸ ਕਰਕੇ ਨੌਜਵਾਨ ਸਿੱਖ ਸੰਗਤਾਂ ਵਿੱਚ ਗੁਰਬਾਣੀ ਸੰਦੇਸ਼ ਦੀ ਵਰਤੋਂ ਕੀਤੀ ਜਾਵੇ।

9) ਸੰਗਤ (ਗੁਰਦੁਆਰਾ ਮੈਂਬਰਸ਼ਿਪ) ਦੀ ਚੋਣ ਵਿੱਦਿਆ ਅਤੇ ਗੁਰਬਾਣੀ ਦੀ ਜਾਣਕਾਰੀ ਤੇ ਅਧਾਰਿਤ ਕਰਨੀ ਚਾਹੀਦੀ ਹੈ। ਗੁਰਦੁਆਰਿਆਂ ਦੇ ਪ੍ਰਬੰਧਕ ਮਾਮਲਿਆ ਵਿੱਚ ਨੌਜਵਾਨਾਂ ਦੀ ਸ਼ਮੂਲੀਅਤ ਹੋਵੇ।

10) ਤਖ਼ਤਾਂ ਸਮੇਤ ਬਹੁਤੇ ਗੁਰਦੁਆਰੇ ਵਿੱਚ ਵੀ ਬਹੁਤ ਸਾਰੇ ਫੋਕਟ ਰੀਤੀ ਰਿਵਾਜ ਹੁੰਦੇ ਹਨ ਜੋ ਕਿ ਆਮ ਸਿੱਖਾਂ ਲਈ ਅਜਿਹੇ ਅਭਿਆਸਾਂ ਦੀ ਪਾਲਣਾ ਕਰਨ ਲਈ ਪ੍ਰੇਰਣਾ ਬਣ ਜਾਂਦੇ ਹਨ।

11) ਮਾਪਿਆਂ ਨੂੰ ਆਪਣੇ ਬੱਚਿਆਂ ਲਈ ਰੋਲ ਮਾਡਲ ਬਣਨਾ ਚਾਹੀਦਾ ਹੈ। ਬੱਚੇ ਜਦੋਂ ਉਹ ਆਪਣੇ ਮਾਤਾ-ਪਿਤਾ ਨੂੰ ਦੇਖਦੇ ਹਨ ਤਾਂ ਰਸਮਾਂ ਨਾਲ ਜੁੜਨਾ ਸ਼ੁਰੂ ਹੋ ਜਾਂਦੇ ਹਨ ।

12) ਗਿਆਨ ਦੇ ਪ੍ਰਸਾਰ ਲਈ ਗੁਰਦੁਆਰਿਆਂ ਵਿੱਚ ਲਾਇਬ੍ਰੇਰੀਆਂ ਸਥਾਪਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ ।

13)ਸੰਗਤਾਂ ਵਿਚਕਾਰ ਅੰਤਰਰਾਸ਼ਟਰੀ ਪੱਧਰ 'ਤੇ ਸਿਖਰਲੀ ਸਿੱਖ ਸੰਸਥਾ ਦੀ ਸਥਾਪਨਾ ਕੀਤੀ ਜਾਵੇ।

ਜੋ ਗੁਰਬਾਣੀ ਦੀ ਰੋਸ਼ਨੀ ਵਿੱਚ ਸਮਾਜ ਦੀ ਅਗਵਾਈ/ਸੇਧ ਕਰ ਸਕਦਾ ਹੈ।

14) ਨੌਜਵਾਨ ਪੀੜ੍ਹੀ ਨੂੰ ਗੁਰਦੁਆਰੇ ਵਿਚ ਪ੍ਰਤੀਨਿਧਤਾ ਦਿੱਤੀ ਜਾਵੇ।

ਡਾ. ਰਾਜਾ ਬਲਰਾਜ ਸਿੰਘ, ਕੈਲਗਰੀ (ਕੈਨੇਡਾ), ਵਲੋਂ ਗੁਰੂ ਗੋਬਿੰਦ ਸਿੰਘ ਜੀ ਦੇ 52 ਹੁਕਮਾਂ ਦੀ ਲੜੀਵਾਰ ਵਿਆਖਿਆ ਕੀਤੀ ਗਈ ਹੈ। ਇਨਾਂ ਵਿਚ ਪ੍ਰਮਾਣਿਤ ਕੀਤਾ ਗਿਆ ਹੈ ਕਿ ਇਹ ਹੁਕਮ ਪੂਰੀ ਤੌਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰਬਾਣੀ ਤੇ ਅਧਾਰਿਤ ਹਨ। ਸਿੱਖ ਰਹਿਤ ਮਰਿਯਾਦਾ ਇਨਾਂ ਹੁਕਮਾਂ ਅਨੁਸਾਰ ਹੈ। ਇੱਕ ਵੀਡੀਓ ਦਾ ਲਿੰਕ ਹੇਠਾਂ ਦਿੱਤਾ ਗਿਆ ਹੈ। ਹੋਰ ਵਡਿੀਓ ਅਗਲੇ ਅੰਕਾਂ ਵਿਚ ਦਿੱਤੀਆਂ ਜਾਣਗੀਆਂ।

**Hukam #18: Keep the company of Gursikhs who maintain their Rehat & Naam simran**

https://www.youtube.com/watch?v=ZSGGKPDTXJo

# ਮੈਂਟਲ ਹੈਲਥ ਅਤੇ ਵਿਸਾਖੀ

## ਡਾ. ਕਾਲਾ ਸਿੰਘ, ਵੈਨਕੂਵਰ (ਕੈਨੇਡਾ)



ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ, ਜੋ ਗੁਰੂ ਨਾਨਕ ਜੀ ਨੇ ਜਾਤ ਪਾਤ ਤੋਂ ਰੈਹਤ ਸਮਾਜ ਬਨਾਉਣ ਦਾ ਕੰਮ ਸ਼ੁਰੂ ਕੀਤਾ ਸੀ ਪੂਰਨ ਕਰ ਦਿਤਾ। ਵੱਖ ਵੱਖ ਜਾਤਾਂ ਦੇ ਪੰਜ ਸਿੱਖਾਂ ਨੂੰ ਇੱਕੋ ਬਾਟੇ ਵਿਚੋਂ ਖੰਡੇ ਬਾਟੇ ਦੀ ਪਾਹੁਲ ਜਿਸ ਨੂੰ ਅੰਮ੍ਰਿਤ ਵੀ ਕਿਹਾ ਜਾਂਦਾ ਹੈ, ਛਕਾ ਕੇ ਜਾਤ ਪਾਤ ਦਾ ਭੇਦ ਮਿਟਾ ਕੇ ਹਰ ਇੱਕ ਇਨਸਾਨ ਨੂੰ ਬਰਾਬਰ ਦਾ ਹੱਕ ਦਿਤਾ। ਔਰਤ ਜਿਸ ਨੂੰ ਕਾਇਨਾਤ ਦੇ ਸ਼ੁਰੂ ਤੋਂ ਹੀ ਨੀਵਾਂ ਦੇਖਿਆ ਜਾਂਦਾ ਸੀ, ਮਰਦ ਦੇ ਨਾਲ ਅੰਮ੍ਰਿਤ ਛਕਾ ਕੇ ਉਸਨੂੰ ਬਰਾਬਰ ਦਾ ਦਰਜਾ ਦੇ ਦਿਤਾ। ਮਰਦ ਦਾ ਨਾਂ ਸਿੰਘ ਅਤੇ ਔਰਤ ਦਾ ਕੌਰ ਰਖ ਕੇ ਸਭ ਨੂੰ ਬਰਾਬਰਤਾ ਦੇ ਦਿਤੀ। ਗੁਰੂ ਸਾਹਿਬ ਦੀ ਇਹ ਦੁਨਿਆਂ ਨੂੰ ਇਕ ਅਦੁੱਤੀ ਅਤੇ ਬੇਜੋੜ ਦੇਣ ਹੈ।

ਕਾਇਨਾਤ ਦੇ ਸ਼ੁਰੂ ਤੋਂ ਹੀ ਇਨਸਾਨ ਇਕ ਦੂਜੇ ਨਾਲ ਜਾਤ ਪਾਤ, ਰੰਗ, ਧੱਰਮ ਅਤੇ ਲਿੰਗ ਦੇ ਅਧਾਰ ਤੇ ਵਿਤਕਰਾ ਕਰਦਾ ਆਇਆ ਹੈ ਅਤੇ ਅੱਜ ਵੀ ਕਰ ਰਿਹਾ ਹੈ, ਜਿਸ ਕਰਕੇ ਸਮਾਜ ਨੇ ਬਹੁਤ ਦੁਖ ਝੇਲੇ ਹਨ ਅਤੇ ਝੇਲ ਰਿਹਾ ਹੈ। ਤਾਕਤਵਰ ਕਮਜੋਰ ਨੂੰ ਤਸੀਹੇ ਦੇਂਦਾ ਰਿਹਾ ਹੈ ਅਤੇ ਅੱਜ ਵੀ ਦੇ ਰਿਹਾ ਹੈ।ਜਿਵੇਂ ਕਿ ਹਿੰਦੁਸਤਾਨ ਅਤੇ ਪਾਕਿਸਤਾਨ ਦੇ ਬਟਵਾਰੇ ਦੌਰਾਨ ਹਜਾਰਾਂ ਲੋਕੀਂ ਮਾਰੇ ਗਏ। ਹਿਟਲਰ ਨੇ ਯਹੂਦੀਆਂ ਦਾ, ਕੈਥੋਲਿਕ ਇਸਾਈਆਂ ਅਤੇ ਪਰੋਟੈਸਟੈਂਟ ਇਸਾਈਆਂ ਦਾ, ਸ਼ੀਆ ਅਤੇ ਸੁੰਨੀ ਮੁਸਲਮਾਨਾਂ ਦਾ, ਉੱਚੀ ਜਾਤੀ ਹਿੰਦੁਆਂ ਦਾ ਨੀਵੀਂ ਜਾਤੀਆਂ ਉੱਪਰ, ਸਿੱਖਾਂ ਨਾਲ ਛੋਟਾ, ਵੱਡਾ ਘੱਲੂਘਾਰਾ ਅਤੇ 1984 ਦੀ ਨਸਲਕੁਸ਼ੀ, ਮੁਸਲਮਾਨਾਂ ਉੱਪਰ ਮੁੰਬਈ ਅਤੇ ਗੁਜਰਾਤ ਵਿਚ ਹਿੰਸਾ। ਦੁਨੀਆ ਭਰ ਵਿਚ ਆਤੰਕਵਾਦੀ ਹਮਲੇ ਹੋ ਰਹੇ ਹਨ। ਏਹ ਸਭ ਧਰਮ ਦੇ ਨਾਮ ਤੇ ਹੋ ਰਿਹਾ ਹੈ। ਮਰਦ ਔਰਤ ਨੂੰ ਸ਼ੁਰੂ ਤੋਂ ਹੀ ਨੀਵਾਂ ਦੇਖਦਾ ਆਇਆ ਹੈ ਅਤੇ ਅੱਜ ਵੀ ਦੇਖ ਰਿਹਾ ਹੈ।ਜਿਵੇਂ ਕਿ ਇਸਾਈਆਂ ਦੀ ਵਿਚ ਹੰਟ, ਹਿੰਦੂਆਂ ਦੀ ਸਤੀ ਪ੍ਰਥਾ।

ਕੁਝ ਦਹਾਕਿਆਂ ਪਹਿਲਾਂ ਔਰਤ ਨੂੰ ਤਾਂ ਵੋਟ ਪਾਉਣ ਦਾ ਹੱਕ ਵੀ ਨਹੀਂ ਸੀ।ਇਹਨਾਂ ਕਾਰਣਾ ਕਰ ਕੇ ਸਮਾਜ ਵਿਚ ਕਾਇਨਾਤ ਦੇ ਸ਼ੁਰੂ ਤੋਂ ਲੈ ਕੇ ਅੱਜ ਵੀ ਬਹੁਤ ਮੈਂਟਲ ਹੈਲਥ ਦੀਆਂ ਸਮੱਸਿਆਵਾਂ ਹਨ।

ਜਿੱਥੇ ਸਿੱਖਾਂ ਨੇ ਦੁਨਿਆ ਨੂੰ ਏਕਤਾ ਦਾ ਸੰਦੇਸ਼ ਦੇਣਾ ਸੀ ਉੱਥੇ ਉਹ ਖੁਦ ਹੀ ਵੰਡੇ ਹੋਏ ਹਨ। ਕੋਈ ਅਕਾਲ ਤਖਤ ਨਾਲ ਜੁੜਿਆ ਹੋਇਆ ਹੈ ਤੇ ਕੋਈ ਮੋਡਰੇਟ ਹੈ, ਕੋਈ ਸਹਿਜਧਾਰੀ ਹੈ ਤੇ ਕੋਈ ਬਾਬੇ ਜਾਂ ਡੇਰੇ ਨਾਲ ਜੁੜਿਆ ਹੋਇਆ ਹੈ। ਹੋਰ ਤਾਂ ਹੋਰ ਅਸੀਂ ਗੁਰੂਦਵਾਰੇ ਅਤੇ ਅੰਮ੍ਰਿਤ ਨੂੰ ਵੀ ਨਹੀ ਛੱਡਿਆ। ਉਹ ਵੀ ਅਲੱਗ ਅਲੱਗ ਬਣਾ ਲਏ ਹਨ। ਸਾਨੂੰ ਚਾਹੀਦਾ ਤਾਂ ਸੀ:

"ਰਾਜ ਬਿਨਾਂ ਨ ਧਰਮ ਚਲੇ ਹੈਂ, ਧਰਮ ਬਿਨਾਂ ਸਭ ਦਲੇ ਮਲੇ ਹੈਂ"।

ਪਰ ਅਸੀਂ ਕਰਨ ਲਗ ਪਏ ਹਾਂ:

"ਧਰਮ ਬਿਨਾਂ ਨ ਰਾਜ ਚਲੇ ਹੈਂ, ਰਾਜ ਬਿਨਾਂ ਹੰਮ ਦਲੇ ਮਲੇ ਹੈਂ"

ਸਾਡੇ ਧਾਰਮਕ ਅਤੇ ਰਾਜਸੀ ਆਗੂ ਪੰਥ ਖਤਰੇ ਵਿਚ ਹੈ ਦਾ ਨਾਅਰਾ ਦੇ ਕੇ ਆਪਣੀ ਕੁਰਸੀ ਕਾਇਮ ਰੱਖਣ ਵਾਸਤੇ ਵੋਟਾਂ ਹੀ ਇਕੱਠੀਆਂ ਕਰਣਾ ਜਾਣਦੇ ਹਨ।

ਜਿੱਥੇ ਗੁਰੂ ਸਾਹਿਬਾਂ ਨੇ ਅੰਮ੍ਰਿਤ ਛਕਾ ਕੇ ਜਾਤ ਪਾਤ, ਰੰਗ, ਧੱਰਮ ਅਤੇ ਲਿੰਗ ਦੇ ਭੇਦ ਭਾਵ ਮਿਟਾਏ ਉੱਥੇ ਕਮਜੋਰ ਅਤੇ ਨੀਵੇਂ ਵਰਗ ਦੇ ਇਨਸਾਂਨਾਂ ਨੂੰ ਆਤਮ ਵਿਸ਼ਵਾਸ, ਇੱਜ਼ਤ, ਹਿੰਮਤ ਅਤੇ ਬਹਾਦਰੀ ਦੇ ਨਾਲ ਜੀਵਨ ਬਿਤਾਉਣਾ ਸਿਖਾਇਆ। ਜਿਨ੍ਹਾਂ ਨੇ ਕਦੇ ਸ਼ਸਤਰ ਨਹੀ ਸੀ ਚੁੱਕੇ ਉਹਨਾਂ ਨੂੰ ਸੰਤ-ਸਿਪਾਹੀ ਬਣਾ ਕੇ ਮਾਨ ਅਤੇ ਸਵੈਭੀਮਾਨਤਾ ਦੇ ਨਾਲ ਰਹਿਣਾ ਸਿਖਾ ਦਿਤਾ। ਇਸ ਦੇ ਨਾਲ ਜੋ ਮੈਂਟਲ ਹੈਲਥ ਸਮੱਸਿਆਵਾਂ, ਜਾਤ ਪਾਤ, ਰੰਗ, ਧੱਰਮ ਅਤੇ ਲਿੰਗ ਭੇਦ ਦੇ ਅਧਾਰ ਤੇ ਸਨ ਖੱਤਮ ਹੋ ਗਈਆਂ।

ਅਜੋਕੇ ਸਮੇਂ ਜਰੂਰਤ ਹੈ ਇਸ ਸਿਧਾਂਤ ਨੂੰ ਦੁਨਿਆਂ ਦੇ ਹਰ ਕੋਣੇ ਤੱਕ ਪਹੁਚਾਉਣ ਦੀ। ਅੱਜ ਦੁਨੀਆਂ ਭਰ ਵਿਚ ਧੱਰਮ, ਰੰਗ ਅਤੇ ਜਾਤ ਪਾਤ ਦੇ ਅਧਾਰ ਤੇ ਲੜਾਈ ਝਗੜੇ, ਟੈਰੋਰਿਸਟ ਅਟੈਕ ਹੋ ਰਹੇ ਹਨ। ਲੱਖਾਂ ਦੀ ਤਦਾਦ ਵਿਚ ਲੋਕੀਂ ਮਰ ਰਹੇ ਹਨ। ਅੱਜ ਇਨਸਾਨ ਇਕ ਦੂਜੇ ਨਾਲ ਨਫਰਤ ਕਰਦਾ ਹੈ।ਤਾਕਤਵਰ ਕਮਜੋਰ ਨੂੰ ਤੰਗ ਕਰ ਰਿਹਾ ਹੈ। ਬਦਲੇ ਦੀ ਭਾਵਨਾ ਨੇ ਇਨਸਾਨ ਨੂੰ ਹੈਵਾਨ ਬਣਾ ਦਿਤਾ ਹੈ। ਜਿੱਥੇ ਧੱਰਮ ਨੇ ਲੋਕਾਂ ਨੂੰ ਇਕਠੇ ਕਰਨਾ ਸੀ ਉਥੇ ਧੱਰਮ ਦੇ ਨਾਮ ਤੇ ਲੋਕੀ ਇਕ ਦੂਜੇ ਨੂੰ ਮਾਰ ਰਹੇ ਹਨ। ਇਹਨਾਂ ਕਾਰਣਾ ਕਰਕੇ ਦੁਨੀਆਂ ਭਰ ਵਿਚ ਕਈ ਮੈਂਟਲ ਹੈਲਥ ਦੀਆਂ ਬਿਮਾਰੀਆਂ ਖਾਸ ਕਰਕੇ ਪੋਸਟ ਟਰਾਮੈਟਿਕ ਸਟਰੈਸ ਡਿਸਆਰਡਰ, ਸਾਈਕੋਸਿਸ ਅਤੇ ਡੀਪਰੈਸ਼ਨ ਹਨ। ਜੇ ਸੰਤ-ਸਿਪਾਹੀ ਦੇ ਸਿਧਾਂਤ ਨੂੰ ਅਜੋਕੇ ਸਮੇਂ ਵਿਚ ਅਪਣਾ ਲਿਆ ਜਾਵੇ ਤਾਂ ਇਹਨਾਂ ਬਿਮਾਰੀਆਂ ਅਤੇ ਹੋਰ ਮੈਂਟਲ ਹੈਲਥ ਸਮਸਿਆਵਾਂ ਨੂੰ ਹੱਲ ਕਰਣ ਵਿਚ ਮੱਦਦ ਮਿਲ ਸਕਦੀ ਹੈ। ਇਹ ਸਿਧਾਂਤ ਹਨ:

- ਰੱਬ ਇਕ ਹੈ।
- ਸਾਰੇ ਇਨਸਾਨ ਉਸ ਇਕ ਰੱਬ ਦੇ ਬੱਚੇ ਹਨ ਅਤੇ ਇਸ ਵਾਸਤੇ ਸਬ ਬਰਾਬਰ ਹਨ।
- ਔਰਤਾਂ ਨੂੰ ਮਰਦ ਦੇ ਬਰਾਬਰ ਦਰਜਾ ਦੇਉ।
- ਲੜਾਈ ਤਾਂ ਹੀ ਲੜਨੀ ਚਾਹੀਦੀ ਹੈ ਜੇ ਇਨਸਾਫ਼ ਦਿਵਾਉਣ ਦੇ ਹੋਰ ਸਾਰੇ ਢੰਗ ਅਸਫਲ ਹੋ ਗਏ ਹੋਣ।
- ਲੜਾਈ ਬਿਨਾਂ ਕਿਸੀ ਨਫ਼ਰਤ, ਬਦਲਾ ਲੈਣ ਦੀ ਭਾਵਨਾ ਅਤੇ ਹੰਕਾਰ ਤੋਂ ਲੜਨੀ ਚਾਹੀਦੀ ਹੈ।
- ਘੱਟ ਤੋਂ ਘੱਟ ਹਿੰਸਾ ਅਤੇ ਤਾਕਤ ਦਾ ਇਸਤੇਮਾਲ ਕਰਨਾ ਚਾਹੀਦਾ ਹੈ।
- ਔਰਤਾਂ ਦੇ ਨਾਲ ਜ਼ੋਰ ਜਬਰ ਨਹੀ ਕਰਨੀ ਚਾਹੀਦੀ।
- ਲੜਾਈ ਦੇ ਬਾਅਦ ਲੁੱਟ-ਮਾਰ ਨਹੀ ਕਰਨੀ ਚਾਹੀਦੀ।
- ਲੜਾਈ ਦੇ ਬਾਅਦ ਅਮਨ ਸ਼ਾਂਤੀ ਕਾਇਮ ਕਰਨ ਦੇ ਪਰਬੰਧ ਕਰਨੇ ਚਾਹੀਦੇ ਹਨ।

ਇਹਨਾਂ ਸਾਰੀਆਂ ਵਿਸ਼ੇਸ਼ਤਾਵਾਂ ਨੂੰ ਵੇਖਦਿਆਂ ਹੋਇਆਂ ਅਸੀਂ ਇਹ ਕਹਿ ਸਕਦੇ ਹਾਂ ਕਿ ਸੰਤ-ਸਿਪਾਹੀ ਹੀ ਅੰਤਰਰਾਸ਼ਟ੍ਰੀ ਪੱਧਰ ਤੇ ਇਕ ਆਦਰਸ਼ ਕੌਮਾਂਤਰੀ ਫ਼ੌਜ਼ ਹੈ ਜਿਸ ਉਪਰ ਸਰਵ-ਦੇਸੀ ਭਰੋਸਾ ਰੱਖ ਸਕਦੇ ਹਨ। ਸਾਡਾ ਇਹ ਫਰਜ ਬਣਦਾ ਹੈ ਕਿ ਅਸੀਂ ਇਹ ਸੰਦੇਸ਼ ਦੁਨੀਆ ਦੇ ਹਰ ਕੋਣੇ ਵਿੱਚ ਪਹੁੰਚਾਇਏ। ਤਾਂਹੀ ਦੁਨੀਆਂ ਵਿੱਚ ਸਬ ਸੰਪੂਰਨ ਮਾਨਸਿਕ ਸੇਹਤ ਪਰਾਪਤ ਕਰ ਸਕਦੇ ਹਨ।

**ਹੋਰ ਜਾਣਕਾਰੀ ਲਈ ਤੁਸੀਂ ਡਾ. ਕਾਲਾ ਸਿੰਘ ਨਾਲ 604-327 5253 ਤੇ ਗੱਲਬਾਤ ਕਰ ਸਕਦੇ ਹੋ।ਮਾਨਸਿਕ ਰੋਗਾਂ ਬਾਰੇ ਡਾਕਟਰ ਸਾਹਿਬ ਦਾ ਲੰਬਾ ਤਜਰਬਾ ਹੈ। ਡਾ. ਸਾਹਿਬ ਸਿੱਖ ਧੱਰਮ ਦੇ ਅਸੂਲਾਂ ਅਤੇ ਗੁਰਬਾਣੀ ਰਾਹੀਂ ਸਟਰੇਸ, ਡਿਪਰੈਸ਼ਨ, ਅਨੇਕਸਾਇਟੀ ਅਤੇ ਹੋਰ ਮਾਨਸਿਕ ਰੋਗਾਂ ਦੇ ਮਰੀਜਾਂ ਨੂੰ ਸਈਕੋਥਿਰਾਪੀ ਵੀ ਦਿੰਦੇ ਹਨ।**

# ਅੰਮ੍ਰਿਤੁ ਗੁਰ ਤੇ ਪਾਇਆ ॥

## ਪ੍ਰੋਫੈਸਰ ਮਨਿੰਦਰ ਸਿੰਘ, ਐਡਮਿੰਟਨ (ਕੈਨੇਡਾ)

ਗੁਰਬਾਣੀ ਵਿਚ ਅੰਮ੍ਰਿਤ ਸ਼ਬਦ ਕਈ ਅਰਥਾਂ ਵਿਚ ਵਰਤਿਆ ਗਿਆ ਹੈ। ਮਹਾਨ ਕੋਸ਼ ਅਨੁਸਾਰ ਇਹ ਦੁਧ ਮੱਖਣ ਆਦਿ ਚੰਗੇ ਖਾਧ ਪਦਾਰਥਾਂ, ਮਿਠਾਸ, ਮਧੁਰਤਾ ਆਦਿਕ ਗੁਣਾ, ਮੌਤ ਰਹਿਤ ਅਮਰ ਪਦ ਅਤੇ ਗੁਰਉਪਦੇਸ਼ ਨਾਮ ਸਿਮਰਨ ਲਈ ਇਸਦੀ ਵਰਤੋਂ ਕੀਤੀ ਗਈ ਹੈ। ਵਿਸਥਾਰ ਵਿਚ ਜਾਈਏ ਤਾਂ ਅਮ੍ਰਿਤ ਦੀ ਵਰਤੋਂ ਹੋਰ ਕਈ ਅਰਥਾਂ ਵਿਚ ਵੀ ਹੋਈ ਹੈ, ਜਿਵੇਂ ਉਹ ਪੇਅ ਜਿਸਦੇ ਪੀਣ ਨਾਲ ਮੌਤ ਨਹੀਂ ਆਉਂਦੀ, ਰਸਦਾਇਕ ਭੋਜਨ ਅਨਾਜ, ਰੋਗਨਾਸ਼ਕ ਦਵਾ, ਸੁੰਦਰ, ਪਿਆਰਾ ਆਦਿਕ।

ਅੰਮ੍ਰਿਤ ਬਾਰੇ ਬਹੁਤ ਸਾਰੇ ਮਿਥਹਾਸਕ ਹਵਾਲੇ ਮਿਲਦੇ ਹਨ। ਮਹਾਭਾਰਤ ਵਿਚ ਦੇਵਤਿਆਂ ਤੇ ਦੈਤਾਂ ਨੇ ਰਲਕੇ ਸਮੁੰਦਰ ਨੂੰ ਰਿੜਕਆ ਤਾਂ ਉਸ ਵਿਚੋਂ ਨਿਕਲੇ ਚੌਦਾਂ ਰਤਨਾਂ ਵਿਚ ਇਕ ਅੰਮ੍ਰਿਤ ਵੀ ਸੀ ਜੋ ਵਿਸ਼ਨੂੰ ਨੇ ਮੋਹਨੀ ਰੂਪ ਧਾਰਕੇ ਦੈਤਾਂ ਤੋਂ ਲੈਕੇ ਦੇਵਤਿਆਂ ਨੂੰ ਪਿਲਾਇਆ। ਸਿੱਧਾਂ ਨੇ ਇਸਨੂੰ ਮਹਾਂਰਸ ਜਾਂ ਮਹਾਂਸੁਖ ਕਿਹਾ। ਉਨ੍ਹਾਂ ਦੀ ਹਠਸਾਧਨਾ ਦਾ ਮੂਲ ਉਦੇਸ਼ ਹੀ ਅਮ੍ਰਿਤ ਰਸ ਨੂੰ ਪ੍ਰਾਪਤ ਕਰਨਾ ਸੀ। ਇਸਲਾਮਿਕ ਸਾਹਿਤ ਵਿਚ ਅੰਮ੍ਰਿਤ ਦਾ ਨਾਮਾਂਤਰ ਆ-ਬਿ-ਹਯਾਤ (ਜ਼ਿੰਦਗੀ ਦੇਣ ਵਾਲਾ ਜਲ) ਹੈ ਜਿਸ ਨੂੰ ਖਵਾਜਾ ਖਿਜਰ ਨੇ ਬੜੇ ਜਤਨਾ ਨਾਲ ਲਭ ਕੇ ਪੀਤਾ ਸੀ। ਲੋਕ ਮੁਹਾਵਰੇ ਵੱਜੋਂ ਇਸ ਸ਼ਬਦ ਦੀ ਵਰਤੋਂ ਕਿਸੇ ਵੀ ਸ਼ੁਧ ਪਦਾਰਥ ਲਈ ਕੀਤੀ ਜਾਂਦੀ ਹੈ ।

ਸੰਤਾਂ ਤੇ ਭਗਤਾਂ ਨੇ ਭਗਤੀ ਤੇ ਪ੍ਰਭੂ ਦੇ ਨਾਮ ਨੂੰ ਅੰਮ੍ਰਿਤ ਦਾ ਸਮਾਨਾਰਥਕ ਦਸਿਆ ਹੈ। ਗੁਰਬਾਣੀਂ ਵਚ ਥਾਂ ਥਾਂ ਤੇ ਹਰਿ ਨਾਮ ਨੂੰ ਅੰਮ੍ਰਿਤ ਕਿਹਾ ਗਿਆ ਹੈ।

ਰਾਗੁ ਬਿਹਾਗੜਾ ਮਹਲਾ ੪ ॥

ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ ਅੰਮ੍ਰਿਤੁ ਗੁਰਮਤਿ ਪਾਏ ਰਾਮ ॥

ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥ ( ਅੰਗ-538)॥

ਪਰਮਾਤਮਾ ਦੀ ਯਾਦ ਤੇ ਸਿਮਰਨ ਸਤਿਗੁਰੂ ਦੇ ਸ਼ਬਦ ਰਾਹੀਂ ਹੋ ਸਕਦਾ ਹੈ। ਸੁਰਤਿ-ਸ਼ਬਦ ਦੀ ਬਰਕਤਿ ਨਾਲ ਤ੍ਰਿਸ਼ਨਾ, ਕਾਮ ਕ੍ਰੋਧ ਆਦਿਕ ਵਿਕਾਰ ਕੱਟੇ ਜਾਂਦੇ ਹਨ। ਮਨ ਵਿਚ ਸੁਖ-ਅਵਸਥਾ ਬਣਦੀ ਹੈ ਤੇ ਸੁਰਤਿ ਹੋਰ ਹੋਰ 'ਨਾਮ' ਵਿਚ ਜੁੜਦੀ ਹੈ। ਇਸ ਨਾਮ-ਰਸ ਦੇ ਟਾਕਰੇ ਤੇ ਜਪ, ਸਮਾਧੀਆਂ, ਤੀਰਥ ਇਸ਼ਨਾਨ, ਸੁੱਚ ਅਤੇ ਪ੍ਰਾਣਾਯਾਮ ਆਦਿਕ ਦਾ ਕੌਡੀ ਭੀ ਮੁੱਲ ਨਹੀਂ।

ਨਿਝਰ ਧਾਰ ਚੁਐ ਅਤਿ ਨਿਰਮਲ ਇਹ ਰਸ ਮਨੂਆ ਰਾਤੋ ਰੇ ॥

ਕਹਿ ਕਬੀਰ ਸਗਲੇ ਮਦ ਛੂਛੇ ਇਹੈ ਮਹਾ ਰਸੁ ਸਾਚੋ ਰੇ ॥੪॥੧॥ {ਅੰਗ 968-969}

ਅੰਮ੍ਰਿਤ ਆਤਮਕ ਜੀਵਨ ਦੇਣ ਵਾਲੀ ਬਾਣੀ ਦੀ ਰਾਹੀਂ ਹੀ ਮਿਲਦਾ ਹੈ, ਗੁਰੂ ਦੀ ਸਰਨ ਪਿਆਂ ਹੀ ਹਰਿ-ਨਾਮ ਮਨੁੱਖ ਦੇ ਮਨ ਵਿਚ ਆ ਵੱਸਦਾ ਹੈ ਜਿਸ ਨਾਲ ਹਿਰਦੇ ਦਾ ਕੌਲ-ਫੁੱਲ ਖਿੜ ਪੈਂਦਾ ਹੈ, ਜਿੰਦ ਪਰਮਾਤਮਾ ਦੀ ਜੋਤਿ ਵਿਚ ਮਿਲੀ ਰਹਿੰਦੀ ਹੈ। ਪਰ ਪਰਮਾਤਮਾ ਨੇ ਗੁਰੂ ਉਹਨਾਂ ਮਨੁੱਖਾਂ ਨੂੰ ਮਿਲਾਇਆ, ਜਿਨ੍ਹਾਂ ਦੇ ਮੱਥੇ ਉਤੇ ਉਸ ਨੇ ਧੁਰ ਦਰਗਾਹ ਤੋਂ ਇਹ ਚੰਗੀ ਕਿਸਮਤ ਲਿਖ ਦਿੱਤੀ ਸੀ।

ਮ: 4 ॥ਅੰਮ੍ਰਿਤ ਬਾਣੀ ਤਤੁ ਹੈ ਗੁਰਮੁਖਿ ਵਸੈ ਮਨਿ ਆਇ ॥ ਹਿਰਦੈ ਕਮਲੁ ਪਰਗਾਸਿਆ ਜੋਤੀ ਜੋਤਿ ਮਿਲਾਇ ॥

ਨਾਨਕ ਸਤਿਗੁਰੁ ਤਿਨ ਕਉ ਮੇਲਿਓਨੁ ਜਿਨ ਧੁਰਿ ਮਸਤਕਿ ਭਾਗੁ ਲਿਖਾਇ ॥(ਅੰਗ-1424)

ਅਧਿਆਤਮਕ ਗੁਣਾਂ ਨੂੰ ਧਾਰਨ ਕਰਕੇ ਇਕ ਆਦਰਸ਼ਕ ਮਨੁੱਖੀ ਜੀਵਨ ਜੀਣਾ ਹੀ ਅੰਮ੍ਰਿਤ ਪਾਨ ਦਾ ਉਦੇਸ਼ ਹੈ।

ਇਸਦੇ ਵਿਪਰੀਤ ਅਉਗੁਣਾਂ ਵਿਚ ਗ੍ਰਸਿਆ ਜੀਵਨ ਬਿਖ ਸਮਾਨ ਹੈ। ਇਹ ਅਉਗੁਣ ਵਾਹਿਗੁਰੂ ਵੱਲੋਂ ਮੂਹ ਮੋੜਨ ਵਾਲੇ ਮਨਮੁਖ ਨੂੰ ਵਿਆਪਦੇ ਹਨ ਜੋ ਸੰਸਾਰ ਦੀ ਮੋਹ ਮਾਇਆ ਵਿਚ ਮੱਖੀ ਦੇ ਗੁੜ ਵਾਂਗ ਫਸਣ ਸਮਾਨ ਹੈ।

**ਆਵ ਘਟੈ ਨਰੁ ਨਾ ਬੁਝੈ ਨਿਤ ਮੂਸਾ ਲਾਜੁ ਟੁਕਾਇ ॥**

ਗੁੜੁ ਮਿਠਾ ਮਾਇਆ ਪਸਰਿਆ ਮਨਮੁਖੁ ਲਗਿ ਮਾਖੀ ਪਚੈ ਪਚਾਇ ॥ (ਅੰਗ-41/42)

ਨਾਮ-ਰੂਪ ਅੰਮ੍ਰਿਤ ਹਰੇਕ ਜੀਵ ਦੇ ਹਿਰਦੇ-ਰੂਪ ਘਰ ਵਿਚ ਹੀ ਭਰਿਆ ਹੋਇਆ ਹੈ, ਪਰ ਮਨਮੁਖਾਂ ਨੂੰ ਉਸ ਦਾ ਸੁਆਦ ਨਹੀਂ ਆਉਂਦਾ। ਜਿਵੇਂ ਹਿਰਨ ਦੀ ਨਾਭੀ ਵਿਚ ਕਸਤੂਰੀ ਹੁੰਦੀ ਹੈ ਪ੍ਰੰਤੂ ਉਹ ਨਹੀਂ ਸਮਝਦਾ ਤੇ ਭਰਮ ਵਿਚ ਭੁਲਾਇਆ ਹੋਇਆ ਭਟਕਦਾ ਹੈ, ਤਿਵੇਂ ਮਨਮੁਖ ਨਾਮ-ਅੰਮ੍ਰਿਤ ਨੂੰ ਛੱਡ ਕੇ ਵਿਹੁ ਨੂੰ ਇਕੱਠਾ ਕਰਦਾ ਹੈ ।

ਸੋਰਿਠ ਵਾਰ ਮ: 4 /ਮਃ 3 ॥

ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ ॥
ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥
ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ ॥ (ਅੰਗ-644)॥

ਸਿੱਖ ਧਰਮ ਵਿਚ ਪਹਿਲਾਂ ਸਿੱਖਾਂ ਨੂੰ ਗੁਰੂ ਸਾਹਿਬਾਨ ਵੱਲੋਂ ਚਰਣਪਾਹੁਣ ਦੇਣ ਦੀ ਰੀਤ ਸੀ। ਪਾਹੁਲ ਦਾ ਅਰਥ ਮਹਾਨ ਕੋਸ਼ ਨੇ ਆਦਮੀ ਨੂੰ ਪਾਹ ਚੜਾਉਣ ਵਾਲਾ ਧਰਮ ਮੰਤ੍ਰ ਨਾਲ ਤਿਆਰ ਕੀਤਾ ਜਲ ਦੱਸਿਆ ਹੈ। ਇਸਨੂੰ ਪਗ-ਪਾਹੁਲ ਪਾਦ-ਜਲ ਤੇ ਚਰਣੋਦਕ ਵੀ ਕਿਹਾ ਜਾਂਦਾ ਹੈ। ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਦੁਆਰਾ ਆਪਣੇ ਸਿੱਖਾਂ ਨੂੰ ਚਰਣਾਮ੍ਰਿਤ ਦੇਣ ਦੀ ਰੀਤ ਦਾ ਜ਼ਿਕਰ ਕੀਤਾ ਹੈ।

ਸੁਣੀ ਪੁਕਾਰ ਦਾਤਾਰ ਪ੍ਰਭ ਗੁਰ ਨਾਨਕ ਜਗ ਮਾਹਿੰ ਪਠਾਯਾ॥
ਚਰਨ ਧੋਇ ਰਹਿਰਾਸ ਕਰ ਚਰਨਾਮ੍ਰਿਤ ਸਿੱਖਾਂ ਪੀਲਾਯਾ॥ (ਵਾਰ-1/23)॥

ਸਿੱਖ ਧਰਮ ਦੀ ਮਰਿਆਦਾ ਵਿਚ ਇਸਦਾ ਭਾਵ ਉਹ ਤਰਲ ਪਦਾਰਥ ਹੈ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਸੰਨ 1699 ਦੀ ਵਿਸਾਖੀ ਵਾਲੇ ਦਿਨ ਕੇਸਗੜ੍ਹ ਦੇ ਸਥਾਨ ਤੇ ਤਿਆਰ ਕਰਕੇ ਸਿੱਖਾਂ ਨੂੰ ਛਕਾ ਕੇ ਖਾਲਸਾ ਪੰਥ ਦੀ ਨੀਂਹ ਰੱਖੀ ਸੀ।

ਅੰਮ੍ਰਿਤ ਤਿਆਰ ਕਰਨ ਲਈ ਸਰਬਲੋਹ ਦੇ ਬਾਟੇ ਵਿਚ ਨਿਰਮਲ ਜਲ ਪਾਕੇ, ਨਾਲ ਉਸ ਵਿਚ ਪਤਾਸੇ ਪਾਏ ਜਾਂਦੇ ਹਨ । ਪੰਜ ਪਿਆਰੇ ਬਾਟੇ ਦੇ ਦੁਆਲੇ ਬੈਠ ਕੇ ਜਲ ਵਿਚ ਖੰਡਾ ਫ਼ੇਰਨ ਦੇ ਨਾਲ ਨਾਲ ਵਾਰੋਵਾਰੀ ਪੰਜ ਬਾਣੀਆਂ ਦਾ ਪਾਠ ਕਰਦੇ ਹਨ। ਮਗਰੋਂ ਅਰਦਾਸ ਕਰਕੇ ਪੰਜ ਕਕਾਰ ਪਹਿਨ ਕੇ ਤਿਆਰ ਹੋਕੇ ਆਏ ਅਭਿਲਾਖੀਆਂ ਨੂੰ ਇਹ ਅੰਮ੍ਰਿਤ ਜਲ ਛਕਾਇਆ ਜਾਂਦਾ ਹੈ। ਫਿਰ ਉਨ੍ਹਾ ਨੂੰ ਅੰਮ੍ਰਿਤ ਦੀ ਮਰਿਆਦਾ ਅਤੇ ਸਿੱਖ ਰਹਿਤ ਬਾਰੇ ਜਾਣੂ ਕਰਵਾਇਆ ਜਾਂਦਾ ਹੈ।

ਇਸ ਕਿਰਿਆ ਵਿਚ ਜਲ ਜੀਵਨ ਦਾ ਪ੍ਰਤੀਕ ਹੈ ਖੰਡਾ-ਬਾਟਾ ਦ੍ਰਿੜਤਾ ਅਤੇ ਪਤਾਸੇ ਮਿਠਾਸ ਤੇ ਨਿਮਰਤਾ ਦੇ ਪ੍ਰਤੀਕ ਹਨ। ਪੰਜ ਬਾਣੀਆਂ ਦਾ ਪਾਠ ਜੀਵਨ ਵਿਚ ਲਗਾਤਾਰ ਨਾਮ ਸਿਮਰਨ ਕਰਨ ਦੀ ਪ੍ਰੇਰਨਾ ਦੇਂਦਾ ਹੈ। ਅੰਮ੍ਰਿਤਮਈ ਜੀਵਨ ਦੀ ਰਾਖੀ ਲਈ ਪੰਜ ਕਕਾਰਾਂ ਦਾ ਪਹਿਰਾ ਲਗਾ ਦਿੱਤਾ ਗਿਆ ਹੈ । ਸੋ ਅੰਮ੍ਰਿਤ ਪਾਨ ਦੀ ਮਰਿਆਦਾ ਨਾਮ ਅੰਮ੍ਰਿਤ ਨੂੰ ਹਮੇਸ਼ਾ ਪੀਂਦੇ ਰਹਿਣ ਲਈ ਜ਼ਰੂਰੀ ਹੈ।

ਅੰਮ੍ਰਿਤਪਾਨ ਕਰਨ ਉਪਰੰਤ ਸਿੱਖ ਦੇ ਵਿਅਕਤੀਗਤ ਜੀਵਨ ਵਿਚ ਸਮੂਲ ਪਰਿਵਰਤਨ ਹੋ ਜਾਂਦਾ ਹੈ। ਉਹ ਸੰਸਾਰ ਵਿਚ ਵਿਚਰਦਾ ਹੋਇਆ ਸੰਸਾਰਕ ਪ੍ਰਪੰਚ ਤੋਂ ਮੁਕਤ ਇਕ ਅਜਿਹਾ ਸਮਦਰਸ਼ੀ ਬਣ ਜਾਂਦਾ ਹੈ ਜਿਸ ਵਿਚ ਜ਼ਾਤ ਪਾਤ, ਨਸਲ, ਦੇਸ਼, ਕੌਮ, ਰਾਸ਼ਟਰ ਦਾ ਭੇਦ-ਭਾਵ ਖਤਮ ਹੋ ਜਾਂਦਾ ਹੈ। ਅੰਮ੍ਰਿਤ ਮੋਹ ਨੂੰ ਤੋੜਨ ਵਾਲਾ ਇਕ ਦੈਵੀ ਤਰਲ ਪਦਾਰਥ ਹੈ। ਇਸ ਨਾਲ ਮੌਤ ਦਾ ਡਰ ਖਤਮ ਹੋ ਜਾਂਦਾ ਹੈ।

ਇਸ ਤਰ੍ਹਾਂ ਸਿੱਖ ਮਾਨਸਿਕਤਾ ਨੂੰ ਬਦਲਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਪਾਨ ਕਰਨ ਦੀ ਰੀਤ ਤੋਰ ਕੇ ਨਿਰਭੈ ਖਾਲਸਾ ਦੀ ਸਿਰਜਨਾ ਕੀਤੀ ਜੋ ਧਾਰਮਿਕ ਇਤਿਹਾਸ ਦੀ ਇਕ ਮਹੱਤਵਪੂਰਨ ਘਟਨਾ ਹੈ।

## Quiz!

**1.** Names of the five rivers of (undivided) Punjab.

A. Beas, Sutlej, Ravi, Chenab, Indus
B. Beas, Sutlej, Ravi, Jhelum, Indus
C. Beas, Sutlej, Ravi, Jhelum, Chenab
D. Beas, Sutlej, Ganga, Jamna, Ravi

2. After merger, finally the five rivers of Punjab flow to:

A. Indian Ocean
B. Arabian Sea
C. Persian Gulf
D. Gulf of Kutch

*3.* *Majha* is area of (Indian) Punjab lying approximately

A. Between rivers Ravi and Beas
B. South of river Sutlej
C. Between rivers Beas and Sutlej
D. Between Ravi and Sutlej

*4.* In Punjab, the most spoken dialects of Punjabi in India are:

A. Majhi, Mahajani, Malawi
B. Majhi, Doabi, Malawi
C. Majhi, Dogri, Pahari
D. Majhi, Sindhi, Malawi

*5.* As per *Nanakshahi* calendar, new year starts with the month

A. *Chet* (and ends in *Phaggan*)
B. *Vaisakh* ( Khalsa Sirjana)
C. *Kattak* (supposedly the Birthday of Guru Nanak)
D. *January (Gregorian)*

*6.* In Sri Guru Granth Sahib the highest number of *Sloks* are by

A. Guru Nanak Sahib
B. Guru Arjan Sahib
C. Bhagat Kabir Das Ji
D. Sheikh Farid Ji

*7.* The two *Bungay* on South-East edge of Darbar Sahib were constructed by

A. Sardar Jassa Singh, Chief of Ramgarhia *Missal*
B. General Jassa Singh, Chief of Ahluwalia *Missal*
C. Nawab Kapur Singh, Chief of Singhpuria *Missal*
D. Maharaja Ranjit Singh

*8.* Select the correct relationship from the following options.

A. Guru Har Rai Sahib and Guru Teg Bahadur Sahib were brothers
B. Baba Dhir Mal was the son of Guru Har Gobind Sahib
C. Guru Harkrishan Sahib was son of Guru Har Rai Sahib
D. Guru Gobind Singh Sahib was son of Guru Har Gobind Sahib.

ANSWERS

** C ** B ** A ** B **
** A ** B ** A ** C **

# We are Proud of Them

**Dr. Kartar Singh Lalvani, OBE, is the "Vitamin King" of the world**



Lalvani earned his M. Pharm. from the University of London, and D.Sc. from the University of Bonn. He was a Distinguished Professor at the University of Franche Comte (France). He discovered new formulations, using herbs, vitamins and rare micro-nutrients, for diseases like oral ulcer, skin problems and supplements. These include natural Carotenoids, and plant-origin antioxidants for treatment of Congestive Heart Failure, chest pain, high B P, Coronary Artery Disease, lung and liver diseases. His firm, *Vita-Biotics* (UK), exports his patented products worth £1000 million to about 100 countries. He established the '*Baby Life Support System'* (BLISS) and donated for research at Royal College of Gynecology & Obstetrics, London. He works to promote Sikh Art and Culture in UK. He was given award *Best Community Services* by the British Queen. Global scientific and social organizations honored him for his outstanding work.

Scientist, Dr. Hardev Singh Virk given the FRAY Award



This Award, named after Prof. Derek Fray of Cambridge University, was given in December 2022 to 20 eminent scientists. Dr Virk irradiated minerals using heavy ion beams to study health hazards by Radon in air, soil and water and earthquake prediction in the Himalayas. He retired in 2002 from Guru Nanak Dev University, Amritsar, as Dean Sciences, and served as Director (Research) and Professor of Eminence. He has about 425 research papers in journals and wrote 41 books and several articles on science policy, and education. He was honoured by SGPC, Amritsar; ICCR, Government of India; and Templeton Foundation, USA. He was given 'Shiromani Award' for Scientific Literature in Punjabi by Government of Punjab.

**Dr. Mohinder Singh Randhawa** (2 February 1909 – 3 March 1986)

*(Punjab da Chhewan Dariya)*





A botanist by training, he was a reputed author who played major roles in the establishment of agricultural research and the Green Revolution in India. As an officer of the Indian Civil Service (ICS), he was responsible for resettling Punjabis uprooted by Partition, establishing the city of Chandigarh, an Agricultural University and documenting the Arts of Punjab, and the History of Agriculture in India.

He earned his Doctorate in Science from the Punjab University for his work on algae and held an array of top positions in research and public administration. He became vice-President of the Indian Council of Agricultural Research (ICAR), Secretary, Ministry of Food and Agriculture, Advisor, Natural Resources Planning, Commissioner of Delhi and Ambala, Director-General (Rehabilitation), Custodian, Evacuee Property (Punjab), Financial Commissioner of the Capital Project of Punjab and Chief Commissioner of Chandigarh. He was the founding Vice-Chancellor of Punjab Agricultural University, Ludhiana.

Dr. M. S. Randhawa was a key promoter of *Van Mahotsav*, Chandigarh Museum, Punjab Arts Council and the Museum of Cultural Heritage of Punjab at Ludhiana. He also introduced many species of trees, founded the Rose Garden, the Government Museum and Art Gallery, Chandigarh, and the Anglo Sikh War Memorial near Ferozepur.

Some of the books published by Dr. Randhawa include the following.

*Birth of the Himalayas*, *Beautifying India*, *Flowering Trees*, *Agricultural Research in India*, *Beautiful Trees and Gardens*, *Indian Paintings* (with John Kenneth Galbraith), *Kangra Paintings, Natural Resources of India*, *Chamba Paintings*, *Travels in Western Himalayas*, *The Kumaon Himalayas, Beautiful Gardens*, *The Famous Gardens of India*, *Green Revolution*, *Gardens through the Ages*, *History of the ICAR, Paintings of the Bābur nāmā, Indian Sculpture, Indian Paintings, and Punjab*.

# ਸਿੱਖ ਵਿਰਾਸਤ ਦਾ ਮਹੀਨਾ ਅਪਰੈਲ

ਡਾ: ਰਾਜਾ ਬਲਰਾਜ ਸਿੰਘ, ਕੈਲਗਰੀ (ਕੈਨੇਡਾ)

ਸਿੱਖ ਵਿਰਾਸਤ ਨੂੰ ਕੈਨੇਡਾ ਵਿਚ ਇੱਕ ਮਹੀਨਾ (Month of Sikh Heritage) ਅਤੇ ਅਮਰੀਕਾ ਵਿਚ 14 ਅਪਰੈਲ ਦਾ ਦਿਨ (International Sikh Day) ਸਮਰਪਿਤ ਕੀਤਾ ਗਿਆ ਹੈ। ਇਹ ਹੋਰਨਾਂ ਨੂੰ ਸਿੱਖਾਂ ਦੇ ਇਤਿਹਾਸ, ਸਭਿੱਆਚਾਰ, ਵਿਸ਼ਵਾਸ ਅਤੇ ਜੀਵਨ ਢੰਗ ਨਾਲ ਜਾਣੂ ਕਰਵਾਉਂਦਾ ਹੈ। ਕੈਨੇਡਾ ਵਿੱਚ ਪਿਛਲੇ 200 ਸਾਲਾਂ ਤੋਂ ਵਧ ਸਮੇ ਵਿਚ ਸਿੱਖਾਂ ਦੇ ਯੋਗਦਾਨ ਨੂੰ ਮਾਨਤਾ ਦਿੰਦਾ ਹੈ। 14 ਅਪ੍ਰੈਲ (ਨਾਨਕਸ਼ਾਹੀ ਸੰਮਤ ਮੁਤਾਬਕ) ਵੈਸਾਖ ਮਹੀਨੇ ਦਾ ਪਹਿਲਾ ਦਿਨ (ਵਿਸਾਖੀ) ਹੈ। ਗੁਰੂ ਗੋਬਿੰਦ ਸਿੰਘ ਜੀ ਨੇ 1699 ਵਿੱਚ ਇਸੇ ਦਿਨ 'ਖਾਲਸਾ' ਪੰਥ ਸਾਜਿਆ ਸੀ, ਜੋ ਦੁਨੀਆਂ ਦੇ ਉਸ ਤੋਂ ਪਹਿਲੇ ਧਰਮਾਂ ਤੋਂ ਵਿਲੱਖਣ ਹੈ। ਇਸ ਨੂੰ ਕੈਨੇਡਾ ਸਮੇਤ ਕਈ ਦੇਸ਼ਾਂ ਵਿੱਚ 'ਦਸਤਾਰ ਦਿਵਸ' ਵਜੋਂ ਵੀ ਮਨਾਇਆ ਜਾਂਦਾ ਹੈ।

ਸਿੱਖਾਂ ਦੀ ਅੰਤਰ-ਧ ਰਮ ਫਿਲਾਸਫੀ

ਸਿੱਖੀ ਜੀਵਨ ਢੰਗ 'ਜੀਵਤ ਗੁਰੂ' ਵਜੋਂ ਸਤਿਕਾਰੇ ਜਾਂਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰੂਆਂ ਦੇ ਬਾਣੀ 'ਤੇ ਅਧਾਰਿਤ ਹੈ ਜਿਸ ਵਿਚ ਵਿਸ਼ਵਵਿਆਪੀ ਮਨੁੱਖੀ ਭਾਈਚਾਰੇ ਦੀਆਂ ਕਦਰਾਂ-ਕੀਮਤਾਂ 'ਤੇ ਜ਼ੋਰ ਦਿੱਤਾ ਗਿਆ ਹੈ। ਨੋਬੈਲ ਪੁਰਸਕਾਰ ਜੇਤੂ ਵਿਦਵਾਨ ਸਰ ਬਰਟਰੈਂਡ ਰਸਲ ਨੇ ਲਿਖਿਆ ਹੈ, "ਜੇਕਰ ਕੁਝ ਖੁਸ਼ਕਿਸਮਤ ਮਨੁੱਖ ਤੀਜੇ ਵਿਸ਼ਵ ਯੁੱਧ ਦੇ ਹਮਲੇ ਤੋਂ ਬਚ ਜਾਂਦੇ ਹਨ … ਤਾਂ ਸਿੱਖ ਧਰਮ ਹੀ ਉਹਨਾਂ ਦਾ ਮਾਰਗਦਰਸ਼ਨ ਕਰਨ ਦਾ ਇੱਕੋ ਇੱਕ ਸਾਧਨ ਹੋਵੇਗਾ ਅਤੇ … ਜੋ ਇਸ ਵਿੱਚ ਸਮਰੱਥ ਹੈ, ਪਰ ਸਿੱਖਾਂ ਨੇ ਇਸ ਨੂੰ ਸਾਹਮਣੇ ਨਹੀਂ ਲਿਆਂਦਾ। ਇਸ ਧਰਮ ਦੇ ਸ਼ਾਨਦਾਰ ਸਿਧਾਂਤ ਸਮੁੱਚੀ ਮਨੁੱਖਤਾ ਦੇ ਭਲੇ ਲਈ ਹੋਂਦ ਵਿੱਚ ਆਏ ਹਨ"।

**ਸਿੱਖਾਂ ਦੇ ਕੈਨੇਡਾ ਨਾਲ ਇਤਿਹਾਸਕ ਸੰਬੰਧ**

ਕੈਨੇਡਾ ਦੇ ਗਵਰਨਰ-ਜਨਰਲ ਸਰ ਚਾਰਲਸ ਮੈਟਕਾਫ਼ ਨੂੰ 1808 ਵਿੱਚ, ਲਾਰਡ ਮਿੰਟੋ ਦੁਆਰਾ ਲਾਹੌਰ ਵਿਖੇ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਦਰਬਾਰ ਵਿੱਚ ਰਾਜਦੂਤ ਵਜੋਂ ਭੇਜਿਆ ਗਿਆ ਸੀ। ਉੱਥੇ ਉਸਨੇ 25 ਅਪ੍ਰੈਲ 1809 ਨੂੰ ਸਿੱਖ ਰਾਜ ਦੀ ਆਜ਼ਾਦੀ ਲਈ ਸੰਧੀ 'ਤੇ ਦਸਤਖ਼ਤ ਕੀਤੇ ਸਨ।

ਸ਼ੁਰੂਆਤੀ ਸਿੱਖਾਂ ਨੇ ਕੈਨੇਡਾ ਦੇ ਖੇਤਾਂ, ਲੰਬਰ ਮਿੱਲਾਂ, ਸੀਮਿੰਟ ਦੀਆਂ ਖੱਡਾਂ ਅਤੇ ਰੇਲਮਾਰਗਾਂ ਵਿੱਚ ਸਖਤ ਮਿਹਨਤ ਕੀਤੀ। ਮੁੱਢਲੇ ਅਧਿਕਾਰਾਂ ਤੋਂ ਵਾਂਝੇ ਹੋਣ ਦੇ ਬਾਵਜੂਦ 1908 ਵਿੱਚ ਪਹਿਲੇ ਸਿੱਖ ਗੁਰਦੁਆਰੇ ਦੀ ਸਥਾਪਨਾ ਕੀਤੀ ਗਈ ਜਦੋਂ ਸਿੱਖਾਂ ਨੂੰ ਕੈਨੇਡਾ ਤੋਂ ਬਾਹਰ ਉਸ ਸਮੇਂ ਦੇ ਨਜ਼ਦੀਕੀ ਬ੍ਰਿਟਿਸ਼ ਹਾਂਡੂਰਸ ਵਿੱਚ ਭੇਜਣ ਦੀ ਸ਼ਰਾਰਤੀ ਯੋਜਨਾ ਬਣੀ ਸੀ।

ਸਿੱਖਾਂ ਦਾ ਇਤਿਹਾਸ ਉਨ੍ਹਾਂ ਦੇ ਬਹਾਦੁਰ ਜਰਨੈਲਾਂ ਦੀਆਂ ਕਹਾਣੀਆਂ ਨਾਲ ਭਰਿਆ ਹੋਇਆ ਹੈ ਜਿਨ੍ਹਾਂ ਦੇ ਕਿਲੇ ਹੁਣ ਸਿੱਖਾਂ ਦੀ ਮਾਣਮੱਤੀ ਵਿਰਾਸਤ ਬਣ ਚੁੱਕੇ ਹਨ। ਫੌਜ ਲਈ ਸਿੱਖਾਂ ਦਾ ਪਿਆਰ ਵਿਸ਼ਵ ਯੁੱਧਾਂ ਵਿੱਚ ਕੈਨੇਡੀਅਨ ਸੈਨਿਕਾਂ ਵਜੋਂ ਅਤੇ ਬਾਅਦ ਵਿੱਚ RCMP ਦੇ ਰੂਪ ਵਿਚ ਸਾਹਮਣੇ ਆਇਆ। ਕੈਨੇਡਾ ਦੇ ਪਹਿਲੇ ਪ੍ਰਧਾਨ ਮੰਤਰੀ ਸਰ ਜੌਹਨ ਮੈਕਡੋਨਲਡ ਤੋਂ ਸਿੱਖ ਵਿਰਾਸਤੀ ਮਹੀਨਾ ਮਨਾਇਆ ਜਾਣਾ ਸ਼ੁਰੂ ਹੋਇਆ ਜਦੋਂ ਕੈਨੇਡਾ ਆਪਣਾ 150-ਵਾਂ ਜਨਮ ਦਿਨ ਮਨਾਉਂਦਾ ਹੈ। ਕੈਨੇਡਾ ਨੂੰ ਇੱਕ ਨਵੇਂ ਦੇਸ਼ ਵਜੋਂ ਸਥਾਪਿਤ ਕਰਨ ਤੋਂ ਬਾਅਦ, ਉਨ੍ਹਾਂ ਨੇ 1867 ਵਿੱਚ ਲਿਖਿਆ ਸੀ:

"War will come someday between England and the United States and India can do us yeoman's service by sending an Army of Sikhs to San Francisco and holding that city with surrounding California — as security for Montreal and Canada".

ਸਰਦਾਰ ਸੁੰਦਰ ਸਿੰਘ ਦੇ 1911-12 ਵਿਚ ਸਿੱਖਾਂ ਦੇ ਅਧਿਕਾਰਾਂ ਲਈ ਦਿਤੇ ਭਾਸ਼ਣਾਂ ਕਰ ਕੇ ਪ੍ਰਧਾਨ ਮੰਤਰੀ ਬੋਰਡਨ ਨੇ ਸਿੱਖਾਂ ਦੇ ਪਰਿਵਾਰਾਂ ਨੂੰ ਕੈਨੇਡਾ ਆਉਣ ਦੀ ਆਗਿਆ ਦਿੱਤੀ। ਸੰਤ ਤੇਜਾ ਸਿੰਘ ਜੀ ਨੇ 1912 ਵਿੱਚ ਕੈਨੇਡਾ ਵਿੱਚ ਵਿਕਟੋਰੀਆ ਵਿਖੇ ਪਹਿਲੇ ਗੁਰਦੁਆਰੇ ਸਥਾਪਿਤ ਕੀਤੇ। ਉਨ੍ਹਾਂ ਨੇ ਕੈਨੇਡੀਅਨ ਸਰਕਾਰ ਕੋਲ ਭਾਰਤੀਆਂ ਨੂੰ ਹੋਂਡੂਰਸ ਭੇਜਣ ਦੇ ਵਿਰੁੱਧ ਕਾਨੂੰਨੀ ਲੜਾਈ ਜਿੱਤੀ। ਕੈਨੇਡਿਅਨ ਸਰਕਾਰ ਨੇ ਉਨ੍ਹਾਂ ਦੇ ਸਤਿਕਾਰ ਵਿਚ ਹਰ ਸਾਲ ਪਹਿਲੀ ਜੁਲਾਈ ਦਾ ਦਿਨ ਉਨ੍ਹਾਂ ਦੀ ਯਾਦ ਵਿਚ ਮਨਾਉਣ ਦਾ ਫੈਸਲਾ ਕੀਤਾ ਹੈ।

ਇਸ ਤੋਂ ਬਾਅਦ 1914 ਵਿਚ ਕਾਮਾਗਾਟਾ ਮਾਰੂ ਜਹਾਜ਼ ਤੇ ਆਏ ਸਿੱਖਾਂ ਨੂੰ ਸਾਥੀ ਬ੍ਰਿਟਿਸ਼ ਪਰਜਾ ਤੋਂ ਦੂਰ ਕਰਨ ਦੀ ਦੁਖਦਾਈ ਘਟਨਾ ਵਾਪਰੀ। ਪਰ ਬਾਅਦ ਵਿਚ ਸਿੱਖਾਂ ਦਾ ਕੈਨੇਡਾ ਆਣਾ ਵਧਦਾ ਰਿਹਾ ਅਤੇ 1947 ਵਿੱਚ ਕੈਨੇਡੀਅਨ ਬਣਨ ਦੀ ਕਹਾਣੀ ਸ਼ੁਰੂ ਹੋ ਗਈ। ਸਨ 1989 ਵਿਚ ਦਸਤਾਰਧਾਰੀ ਮਾਊਂਟੀ ਦੇ ਰੂਪ ਵਿਚ ਸਰਦਾਰ ਬਲਤੇਜ ਸਿੰਘ ਢਿਲੋਂ ਅੱਗੇ ਆਏ। ਫਿਰ ਇੱਕ ਦਿਨ ਸਰਦਾਰ ਹਰਜੀਤ ਸਿੰਘ ਸੱਜਣ ਕੈਨੇਡਾ ਦੀ ਫੌਜ ਦੇ ਮੁਖੀ ਅਤੇ ਮੁਲਕ ਦੇ ਰੱਖਿਆਂ ਮੰਤਰੀ (Defence Minister) ਬਣੇ।

**ਕੈਨੇਡਾ ਵਿਚ ਸਿੱਖਾਂ ਦੀ ਅਜੋਕੀ ਸਥਿਤੀ**

ਕੈਨੇਡਾ ਦੇ ਇੱਕ Sikh Heritage Museum ਦੀ ਸਥਾਪਨਾ 2011 ਵਿੱਚ ਐਬਟਸਫੋਰਡ (BC) ਵਿੱਚ 'ਗੁਰ ਸਿੱਖ ਟੈਂਪਲ' ਦੇ ਸ਼ਤਾਬਦੀ ਵਰ੍ਹੇ ਵਿਚ ਕੀਤੀ ਗਈ ਸੀ। ਅਜਾਇਬ ਘਰ ਗ਼ਦਰ ਇਨਕਲਾਬ, ਕਾਮਾਗਾਟਾ ਮਾਰੂ ਦੁਖਾਂਤ ਅਤੇ ਹੋਲਾ ਮੁਹੱਲਾ ਦੇ ਤਿਉਹਾਰ ਵਰਗੀਆਂ ਕਈ ਪ੍ਰਮੁਖ ਘਟਨਾਵਾਂ ਨੂੰ ਪ੍ਰਦਰਸ਼ਿਤ ਕਰਦਾ ਹੈ। ਦੁਨੀਆਂ ਭਰ ਦੇ ਕੁਲ ਲਗਭਗ ਤਿੰਨ ਕਰੋੜ (30 ਮਿਲੀਅਨ) ਸਿੱਖਾਂ ਵਿਚੋਂ ਭਾਰਤ ਤੋਂ ਬਾਹਰ ਸਭ ਤੋਂ ਵਧ ਗਿਣਤੀ ਇੰਗਲੈਂਡ, ਕੈਨੇਡਾ, ਅਮਰੀਕਾ ਅਤੇ ਅਸਟ੍ਰੇਲੀਆ ਵਿਚ ਹੈ ਕਿਉਂਕਿ ਇਥੇ ਹਥੀਂ ਕੰਮ ਕਰਨ ਵਾਲੇ ਮਿਹਨਤੀ ਲੋਕਾਂ ਦੀ 19-ਵੀਂ ਸਦੀ ਤੋਂ ਹੀ ਲੋੜ ਰਹੀ ਹੈ ਅਤੇ ਅੱਜ ਵੀ ਹੈ। ਇਨ੍ਹਾਂ ਤੋਂ ਇਲਾਵਾ ਸਿੱਖਾਂ ਵਿਚ ਤਕਨੀਕੀ ਟ੍ਰੇਨਿੰਗ-ਪ੍ਰਾਪਤ ਅਤੇ ਪੜ੍ਹੇ-ਲਿਖੇ ਲੋਕ ਵੀ ਵੱਡੀ ਗਿਣਤੀ ਵਿਚ ਭਾਰਤ ਤੋਂ ਬਾਹਰ ਕਈ ਦੇਸਾਂ ਵਿਚ ਵੱਸੇ ਹੋਏ ਹਨ। ਕੈਨੇਡਾ ਵਿਚ ਲਗਭਗ ਅੱਠ ਲੱਖ ਸਿੱਖ ਹਨ ਜਿਨ੍ਹਾਂ ਵਿਚ 30% ਤੋਂ ਵਧ Citizen ਅਤੇ 50% Permanent Residents ਹਨ।

**ਕੈਨੇਡਾ ਦੇ ਕੁਝ ਸਿਰਕੱਢ ਸਿੱਖ**

ਅੱਜ ਕੈਨੇਡਾ ਵਿਚ ਕਈ ਸਿੱਖ ਸਮਾਜ ਦੇ ਅਨੇਕਾਂ ਖੇਤਰਾਂ ਦੀਆਂ ਸਿਖਰਾਂ ਤਕ ਪੁਜ ਚੁਕੇ ਹਨ। ਇਨ੍ਹਾਂ ਵਿਚ (University of Western Ontario ਅਤੇ Rotman School of Management ਤੋਂ ਪੜ੍ਹੇ) ਨਵਜੀਤ ਸਿੰਘ (ਬੌਬ) ਢਿਲੋਂ Order of Canada (OC) ਵਰਗੇ ਸਿਰਕੱਢ ਵੀ ਸ਼ਾਮਲ ਹਨ (Mainstreet Equity Corp, listed at Toronto Stock Exchange), ਜਿਸ ਨੇ 10 iਮਲੀਅਨ ਡਾਲਰ University of Lethbridge ਨੂੰ ਦਾਨ ਕੀਤੇ ਅਤੇ ਉਜੜ ਕੇ ਆਏ ਹਜ਼ਾਰਾਂ ਸ਼ਰਨਾਰਥੀਆਂ ਨੂੰ ਘਰ ਬਣਾ ਕੇ ਦਿਤੇ।

ਸਿੱਖਾਂ ਦਾ ਖੇਤੀ ਨਾਲ ਸੰਬੰਧ ਸਦੀਆਂ ਤੋਂ ਰਿਹਾ ਹੈ। ਇਥੇ ਆ ਕੇ ਪੀਟਰ ਢਿਲੋਂ "Cranberry King of Canada" ਬਣੇ ਅਤੇ University of British Columbia (UBC), Vancouver ਵਿਚ ਦੋ Research Centres ਸਥਾਪਤ ਕਰਨ ਲਈ ਦੋ ਮਿਲੀਅਨ ਡਾਲਰ ਦਿੱਤੇ।ਇਸੇ ਤਰਾਂ ਸਰਦਾਰ ਪਰਮਜੀਤ ਸਿੰਘ ਮਿਨਹਾਸ "Cucumber King of Canada" **ਬਣੇ ਅਤੇ ਹੈਮਿਲਟਨ ਵਿਚ** Greenhouse Farming ਦੇ ਖੇਤਰ ਵਿਚ ਨਵੀਆਂ ਪੈੜਾਂ ਪਾਈਆਂ ਹਨ।

ਹੋਰ ਬਹੁਤ ਸਾਰੇ ਖੇਤਰਾਂ (ਜਿਵੇਂ ਯੂਨੀਵਰਸਿਟੀਆਂ, ਖੋਜ ਸੰਸਥਾਵਾਂ, ਲੋੜਵੰਦਾਂ ਦੀ ਸਹਾਇਤਾ, ਅਤੇ ਟ੍ਰਾਂਸਪੋਰਟ) ਵਿਚ ਵੀ ਸਿੱਖਾਂ ਨੇ ਕੈਨੇਡੀਅਨ ਸੋਸਾਇਟੀ ਦੀ ਬੜੀ ਸੇਵਾ ਕੀਤੀ ਹੈ। ਵਿਗਿਆਨਕ ਖੋਜ ਦੇ ਕੰਮਾਂ ਵਿਚ ਵਿੰਨੀਪੈਗ ਦੇ ਡਾ. ਨਰੰਜਨ ਸਿੰਘ ਢੱਲਾ OC ਨੇ Cardio-vascular ਬੀਮਾਰੀਆਂ ਬਾਰੇ ਅਤੇ ਕਯੂਬੈਕ ਦੇ ਡਾ. ਦੇਵਿੰਦਰ ਸਿੰਘ ਚਾਹਲ ਨੇ Bio-mass conversion ਬਾਰੇ ਵਿਸ਼ਵ ਪੱਧਰ ਦੀ ਰਿਸਰਚ ਕਰ ਕੇ ਸਿੱਖਾ ਦਾ ਸਿਰ ਉਚੱਾ ਕੀਤਾ ਹੈ। ਅੱਜ 18 ਸਿੱਖ ਕੈਨੇਡਾ ਦੀ Federal Parliament ਦੇ ਮੈਂਬਰ ਹਨ (ਭਾਰਤ ਦੀ ਲੋਕ ਸਭਾ ਨਾਲੋਂ ਪੰਜ ਵਧ) ਅਤੇ ਸਰਦਾਰ ਜਗਮੀਤ ਸਿੰਘ ਇੱਕ ਪਾਰਟੀ ਦੇ ਮੁਖੀ ਹਨ। ਇਸ ਤੋਂ ਪਹਿਲੇ ਉੱਜਲ ਦੁਸਾਂਝ British Columbia (BC) ਦੇ Premier ਰਹਿ ਚੁਕੇ ਹਨ। ਕਈ Provincial Assemblies ਵਿਚ ਵੀ ਸਿੱਖ ਕਾਫੀ ਗਿਣਤੀ ਵਿਚ ਚੁਣੇ ਜਾ ਚੁਕੇ ਹਨ।

ਸਿੱਖਾਂ ਦਾ ਜੀਵਨ, ਸਾਹਿਤ ਅਤੇ ਇਤਿਹਾਸ ਉਨ੍ਹਾਂ ਦੇ ਵਿਰਸੇ ਦੁਆਲੇ ਘੁੰਮਦਾ ਹੈ। ਅਪ੍ਰੈਲ ਵਾਢੀਆਂ ਦਾ ਮਹੀਨਾ ਹੈ ਅਤੇ ਉਨ੍ਹਾਂ ਦੇ ਗੀਤ ਫਸਲਾਂ ਨਾਲ ਜੁੜੇ ਹੋਏ ਹਨ। ਸਿੱਖ ਆਪਣੇ ਨਾਲ ਇਹ ਪਿਆਰ ਲੈ ਕੇ ਆਏ ਹਨ। ਸਿੱਖਾਂ ਦੀਆਂ ਚੁਣੌਤੀਆਂ ਵਿੱਚ ਉਨ੍ਹਾਂ ਦੀ ਪਛਾਣ, ਧਾਰਮਿਕਤਾ ਅਤੇ ਭਾਈਚਾਰੇ ਲਈ ਸੰਘਰਸ਼ ਸ਼ਾਮਲ ਹਨ। ਆਪਣੀ ਧਾਰਮਿਕਤਾ ਨੂੰ ਬਰਕਰਾਰ ਰੱਖਣ ਲਈ ਮਾਂ ਬੋਲੀ ਅਤੇ ਗੁਰਬਾਣੀ ਨਾਲ ਸੰਬੰਧ ਕਾਇਮ ਰੱਖਣਾ ਜ਼ਰੂਰੀ ਹੈ। ਇਸ ਦੇ ਲਈ ਪੜ੍ਹੇ-ਲਿਖੇ ਅਤੇ ਨਿਸ਼ਠਾਵਾਨ ਪ੍ਰਚਾਰਕਾਂ ਦੀ ਲੋੜ ਹੈ, ਜੋ ਅੰਗਰੇਜ਼ੀ ਜਾਣਦੇ ਹੋਣ। ਕੌਮ ਪ੍ਰਤੀ ਵਫ਼ਾਦਾਰੀ ਅਤੇ ਪਰਿਵਾਰਕ ਕਦਰਾਂ-ਕੀਮਤਾਂ ਦਾ ਸਤਿਕਾਰ ਸਭ ਤੋਂ ਮਹੱਤਵਪੂਰਨ ਹਨ।

## ਵਿਆਕਰਣ ਅਨੁਸਾਰ ਸ਼ਬਦ ਦੇ ਅਰਥ

ਸਰਦਾਰ ਚਮਕੌਰ ਸਿੰਘ ਬਰਾੜ, ਸੈਨ ਡੀਈਗੋ (ਅਮਰੀਕਾ)

ਗਉੜੀ ਗੁਆਰੇਰੀ ਮਹਲਾ ੫ ॥
(ਸ੍ਰੀ ਗੁਰੂ ਗ੍ਰੰਥ ਸਾਹਿਬ – ਅੰਗ 176)

**ਕਈ ਜਨਮ ਭਏ ਕੀਟ ਪਤੰਗਾ॥**
**ਕਈ ਜਨਮ ਗਜ ਮੀਨ ਕੁਰੰਗਾ॥**
**ਕਈ ਜਨਮ ਪੰਖੀ ਸਰਪ ਹੋਇਓ॥**
**ਕਈ ਜਨਮ ਹੈਵਰ ਬ੍ਰਿਖ ਜੋਇਓ॥੧॥**
**ਮਿਲੁ ਜਗਦੀਸ ਮਿਲਨ ਕੀ ਬਰੀਆ॥**
**ਚਿਰੰਕਾਲ ਇਹ ਦੇਹ ਸੰਜਰੀਆ॥੧॥ ਰਹਾਉ ॥**
**ਕਈ ਜਨਮ ਸੈਲ ਗਿਰਿ ਕਰਿਆ॥**
**ਕਈ ਜਨਮ ਗਰਭ ਹਿਰਿ ਖਰਿਆ॥**
**ਕਈ ਜਨਮ ਸਾਖ ਕਰਿ ਉਪਾਇਆ॥**
**ਲਖ ਚਉਰਾਸੀਹ ਜੋਨਿ ਭ੍ਰਮਾਇਆ॥੨॥**
**ਸਾਧਸੰਗਿ ਭਇਓ ਜਨਮੁ ਪਰਾਪਤਿ॥**
**ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ॥**
**ਤਿਆਗਿ ਮਾਨੁ ਝੂਠੁ ਅਭਿਮਾਨੁ॥**
**ਜੀਵਤ ਮਰਹਿ ਦਰਗਹ ਪਰਵਾਨੁ॥੩॥**
**ਜੋ ਕਿਛੁ ਹੋਆ ਸੁ ਤੁਝ ਤੇ ਹੋਗੁ॥**
**ਅਵਰੁ ਨ ਦੂਜਾ ਕਰਣੈ ਜੋਗੁ॥**
**ਤਾ ਮਿਲੀਐ ਜਾ ਲੈਹਿ ਮਿਲਾਇ॥**
**ਕਹੁ ਨਾਨਕ ਹਰਿ ਹਰਿ ਗੁਣ ਗਾਇ॥੪॥**

ਸਾਰੇ ਗੁਰੂ ਗਰੰਥ ਵਿੱਚ "ਜਨਮ" ਸ਼ਬਦ ਕਈ ਰੂਪਾਂ ਵਿਚ ਆਇਆ ਹੈ: ਜਨਮ, ਜਨਮੁ, ਜਨਮਿ, ਜਨਮੈ, ਜਨਮਹਿ, ਜਨਮੇ, ਜਨਮਿਆ, ਜਨਮਸੀ, ਜਨਮਿਅੜਾ, ਜਨਮਤ, ਜਨਮਧ ਆਦਿ।

ਪਹਿਲੇ 6 ਨਾਵ **(noun)** ਹਨ ਅਤੇ ਬਾਕੀ ਕਿਰਿਆ **(verb)** ਦੇ ਵੱਖ ਵੱਖ ਰੂਪ ਹਨ।



ਟੀਕਿਆਂ ਵਿਚ "ਜਨਮ" ਸ਼ਬਦ ਦੇ ਅੱਖਰੀ ਅਰਥ ਕੀਤੇ ਹਨ: "ਤੂੰ ਕਈ ਜਨਮਾਂ ਵਿੱਚ ਕੀੜਾ ਪਤੰਗਾ ਬਣਦਾ ਰਿਹਾ"।

ਏਥੇ ਸ਼ਬਦ "ਤੂੰ" ਕਰਤਾ ਇਕਵਚਨ ਹੈ ਪਰ ਇਸ ਦੇ ਨਾਲ ਕਿਰਿਆ ਜੋ "ਭਏ" ਹੈ ਉਸ ਲਈ ਕਰਤਾ "ਤੂੰ" ਨਹੀਂ ਹੋ ਸਕਦਾ। ਏਥੇ ਕਿਰਿਆ "ਭਏ" ਦੀ ਥਾਂ "ਭਇਆ" ਜਾਂ "ਭਇਓ" ਹੋਣੀ ਸੀ। ਇਸ ਕਰਕੇ ਜੇ ਕਿਰਿਆ ਬਹੁਵਚਨ ਦੀ ਹੈ ਤਾਂ ਇਸ ਵਾਕ ਦਾ ਕਰਤਾ ਵੀ ਬਹੁਵਚਨ ਹੋਣਾ ਚਾਹੀਦਾ ਹੈ। ਇਸ ਦੇ ਵਿਚ ਅਸੀਂ ਕਰਤਾ "ਤੁਸੀਂ" ਨਹੀਂ ਬਣਾ ਸਕਦੇ। ਇਸ ਨਾਲ ਇਹ ਨਹੀਂ ਸਾਬਤ ਹੁੰਦਾ ਹੈ ਕਿ ਮਨੁੱਖ ਮਰਨ ਤੋਂ ਬਾਅਦ ਫਿਰ ਕੀੜਾ ਪਤੰਗਾ ਬਣੇਗਾ।

"**ਸਾਧਸੰਗਿ ਭਇਓ ਜਨਮੁ ਪ੍ਰਾਪਤ**" ਦੇ ਅੱਖਰੀ ਅਰਥ ਕੀਤੇ ਗਏ ਹਨ: "ਸਾਧਸੰਗ ਦੁਆਰਾ ਤੈਨੂੰ ਇਹ ਜਨਮ ਪ੍ਰਾਪਤ ਹੋਇਆ ਹ"। ਕਿਸ ਜੀਵਨ ਵਿਚ ਇਸ ਜੀਵ ਨੇ ਸਾਧ ਸੰਗਤਿ ਕੀਤੀ ਸੀ ? ਕੀ ਬਲਦ ਦੇ ਜੀਵਨ ਵਿਚ ਜਾਂ ਕੀੜੇ ਦੇ ਜੀਵਨ ਵਿਚ ?

"ਸਾਧ ਸੰਗਤ" ਦੀ ਪ੍ਰਭਾਸ਼ਾ ਇਸ ਪ੍ਰਕਾਰ ਹੈ :

“ਸਤ ਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥ ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥ ਅੰਗ ੭੨॥

ਇਸ ਦੇ ਅਰਥ ਹੋਣੇ ਚਾਹੀਦੇ ਹਨ ਕਿ ਤੈਨੂੰ ਸਾਧ ਦੀ ਸੰਗਤ ਵਿੱਚ ਹੁਕਮ ਜਾਂ ਨਿਯਮ ਨੂੰ ਅਪਣਾਉਣ ਲਈ ਇਹ ਜੀਵਨ ਮਿਲਿਆ ਹੈ (ਕਿਉਂਕਿ ਤੂੰ ਸਾਰਿਆਂ ਜੀਵਾਂ ਨਾਲੋਂ ਸੁਪੀਰੀਅਰ ਹੋਣ ਕਰਕੇ ਉਸਦੇ ਹੁਕਮ ਨੂੰ ਸਮਝ ਸਕਦਾ ਹੈਂ) ਇਸ ਕਰਕੇ ਉਸ ਦੇ ਹੁਕਮ ਨੂੰ ਜਾਂ ਨਿਯਮਾ ਨੂੰ ਯਾਦ ਰੱਖਿਆ ਕਰ।

ਗੁਰੂ ਸਾਹਿਬ ਨੇ ਬੰਦੇ ਨੂੰ ਸੰਬੋਧਨ ਕਰਕੇ ਕਿਹਾ ਹੈ ਕਿ ਹੇ ਭਾਈ ! ਪ੍ਰਭੂ ਨੇ ਇਹ ਕਈ ਕੀੜਿਆਂ, ਪਤੰਗਿਆਂ ਆਦਿ ਦੇ ਜੀਵਨ ਬਣਾਏ ਹਨ। ਉਨਾਂ ਕੋਲ ਇਹ ਸਮਝ ਜਾਂ ਬੁੱਧੀ ਨਹੀਂ ਕਿ ਉਹ ਪ੍ਰਭੂ ਦੇ ਹੁਕਮ ਨੂੰ ਸਮਝ ਸਕਣ ਪਰ ਤੇਰਾ ਮੌਕਾ ਹੈ ਕਿ ਜਦੋਂ ਤੂੰ ਸਮਝ ਸਕਦਾ ਹੈ। ਜੇ ਸਮਝ ਗਿਆ ਤਾਂ ਤੇਰਾ ਪ੍ਰਭੂ ਨਾਲ ਮਿਲਾਪ ਹੋ ਸਕਦਾ ਹੈ। ਰਹਾਉ ਵਾਲੀ ਪਦ ਵਿੱਚ ਕਿਹਾ ਹੈ ਤੇਰਾ ਹੁਣ ਸਮਾਂ ਹੈ। ਇਸ ਕਰਕੇ ਪ੍ਰਭੂ ਦੇ ਗੁਣ ਅਪਣਾ ਕੇ ਪ੍ਰਭੂ ਵਰਗਾ ਬਣ ਜਾਂ ਉਸ ਵਰਗਾ ਸਚਿਆਰ ਬਣ ਕੇ ਉਸ ਵਿਚ ਹੀ ਸਮਾ ਜਾ। ਤੀਜੇ ਪਹਿਰੇ ਵਿਚ ਗੁਰੂ ਸਾਹਿਬ ਨੇ ਜੀਵ ਜਾਂ ਮਨੁਖ ਨੂੰ ਸੰਬੋਧਨ ਕਰਕੇ ਕਿਹਾ ਕਿ ਤੂੰ ਕੀ ਕਰਨਾ ਹੈ ਇਸ ਵਡਮੁਲੇ ਜੀਵਨ ਵਿੱਚ।

ਚੌਥੇ ਪਹਿਰੇ ਵਿੱਚ ਗੁਰੂ ਸਾਹਿਬ ਨੇ ਆਪਣਾ ਫੈਸਲਾ ਦੇ ਦਿੱਤਾ ਕਿ ਜਿਵੇ ਪ੍ਰਭੂ ਦੇ ਹੁਕਮ ਵਿੱਚ ਹੈ ਜਾਂ ਪ੍ਰਭੂ ਦੇ ਕੁਦਰਤੀ ਨਿਯਮਾਂ ਵਿੱਚ ਹੈ ਉਸ ਤਰ੍ਹਾਂ ਦਾ ਹਰ ਇਕ ਜੀਵ ਨੂੰ ਬਣਾਇਆ ਹੋਇਆ ਹੈ, ਉਹੋ ਕੁਝ ਹੀ ਪ੍ਰਭੂ ਨੂੰ ਭਾਉਂਦਾ ਹੈ। ਇਹ ਨਿਯਮ ਕਿਸੇ ਇੱਕ ਜੀਵ ਵਾਸਤੇ ਬਦਲ ਨਹੀਂ ਸਕਦੇ, ਉਸੇ ਤਰਾਂ ਹੀ ਹੁੰਦਾ ਹੈ ਭਾਵ ਇਹ ਸਾਰਾ ਉਸਦੇ ਹੁਕਮ ਵਿਚ ਹੈ। ਹਰ ਇਕ ਜੀਵ ਨੇ ਆਪਣੇ ਜੀਵਨ ਦੀ ਰਾਸ ਮੁਤਾਬਕ ਹੀ ਜੀਵਨ ਜਿਉਣਾ ਹੈ। ਇਹ ਕਿਸੇ ਦੇ ਵੀ ਵੱਸ ਦੀ ਗੱਲ ਨਹੀ ਤੇ ਕੋਈ ਹੁਕਮ ਨੂੰ ਬਦਲ ਨਹੀਂ ਸਕਦਾ। ਪਰ ਹੇ ਭਾਈ! ਪ੍ਰਭੂ ਦੇ ਨਾਮ ਨੂੰ ਸਦਾ ਨਿਮਰਤਾ ਨਾਲ ਸਿਮਰਦੇ ਰਹੋ।

**ਰਹਾਉ ਵਾਲੀ ਪੰਗਤੀ ਹੈ:**

**ਮਿਲੁ ਜਗਦੀਸ ਮਿਲਨ ਕੀ ਬਰੀਆ ॥**

ਅਰਥ ਹਨ:

ਹੇ ਭਾਈ! ਤੇਰੇ ਵਾਸਤੇ ਬੜਾ ਵਧੀਆ ਮੌਕਾ ਹੈ ਪ੍ਰਭੂ ਨੂੰ ਮਿਲਣ ਦਾ। ਤੇਰੀ ਇਸ ਦੇਹ ਨੂੰ ਬਹੁਤ ਚਿਰ ਵਿਚ ਜੋੜ ਜੋੜਕੇ ਜੋੜਿਆ ਗਇਆ ਹੈ। ਭਾਵ ਇਸ ਸਰੀਰ ਨੂੰ ਇੰਨਾ ਵੱਡਾ ਹੋਣ ਲਈ ਬਹੁਤ ਸਮਾਂ ਲੱਗਿਆ ਹੈ।

**ਸਿਖਿਆ ਇਸ ਸ਼ਬਦ ਦੀ ਇਹ ਹੈ ।**

ਹੇ ਭਾਈ! ਇਸ ਧਰਤੀ ਉਪਰ ਹੋਰ ਵੀ 84 ਲੱਖ ਕਿਸਮ ਦੇ ਜੀਵ ਹਨ ਪਰ ਤੇਰਾ ਜੀਵਨ ਇੰਨਾ ਤੋਂ ਵਧੀਆ ਗਿਣਿਆ ਜਾਂਦਾ ਹੈ। ਤੂੰ ਇਸ ਜੀਵਨ ਵਿੱਚ ਚੰਗੇ ਬੰਦਿਆ ਦਾ ਸਾਥ ਕਰਕੇ ਇਹ ਚੰਗੇ ਗੁਣ ਪ੍ਰਾਪਤ ਕਰਨ ਲਈ ਆਇਆ ਹੈ। ਅਉਗੁਣਾਂ ਦਾ ਤਿਆਗ ਕਰ ਕੇ ਜੀਵਨ ਨੂੰ ਜਿਉਂ। ਪਰ ਜੋ ਕੁਛ ਕਰਨਾ ਹੈ ਉਸ ਦੇ ਨਿਯਮਾਂ ਵਿੱਚ ਓਸ ਪ੍ਰਭੂ ਨੇ ਕਰਨਾ ਹੈ। ਉਸਦੇ ਨਿਯਮਾਂ ਨੂੰ ਬਦਲਿਆ ਨਹੀਂ ਜਾ ਸਕਦਾ। ਜੇ ਤੂੰ ਉਸ ਦੇ ਹੁਕਮ ਜਾਂ ਕੁਦਰਤੀ ਨਿਯਮਾ ਵਿਚ ਰਹਿਣਾ ਸਿੱਖ ਲਵੇਂ ਤਾਂ ਤੂੰ ਆਪ ਹੀ ਉਸ ਪ੍ਰਭੂ ਵਰਗਾ ਬਣ ਸਕਦਾ ਹੈਂ॥

# ਓਨਲਾਈਨ ਝੂਠ ਤੇਜ਼ੀ ਨਾਲ ਕਿਉਂ ਫੈਲਦੇ ਹਨ ?

ਡਾ. ਹਰਸ਼ਿੰਦਰ ਕੌਰ, ਪਟਿਆਲਾ (ਭਾਰਤ), ਫੋਨ ਨੰ: 0175-2216783



ਖ਼ਬਰਾਂ ਅਨੁਸਾਰ ਸੰਨ 2006 ਤੋਂ ਸੰਨ 2017 ਤਕ ਟਵਿਟਰ ਉੱਤੇ 30 ਲਖ ਲੋਕਾਂ ਨੇ ਇਕ ਲਖ ਛਬੀ ਹਜ਼ਾਰ ਝੂਠ ਫੈਲਾਏ। ਚੋਟੀ ਦੀਆਂ ਝੂਠੀਆਂ ਇਕ ਫੀਸਦੀ ਖ਼ਬਰਾਂ ਨੇ ਇਕ ਲਖ ਲੋਕਾਂ ਤਕ ਪਹੁੰਚ ਕੀਤੀ ਤੇ ਹਰੇਕ ਨੇ 40 ਤੋਂ 100 ਵਾਰ ਅਗੇ ਸ਼ੇਅਰ ਕੀਤੀ। ਸਚੀ ਖ਼ਬਰ ਇਕ ਹਜ਼ਾਰ ਲੋਕਾਂ ਨੇ ਟਵੀਟ ਕੀਤੀ। ਮਸਾਲੇਦਾਰ ਖਬਰਾਂ 45 ਲਖ ਵਾਰ ਟਵੀਟ ਹੋਈਆਂ। ਇਹ ਖ਼ਬਰਾਂ ਵਧਾ ਚੜ੍ਹਾ ਕੇ ਸਚ ਨੂੰ ਵਿਗਾੜ ਕੇ ਜਾਂ ਨਿਰੇ ਝੂਠ ਦੇ ਆਧਾਰ ਉੱਤੇ ਸਨ। ਸਿਆਸਤ ਨਾਲ ਸਬੰਧਤ ਝੂਠੀਆਂ ਖ਼ਬਰਾਂ ਅਗ ਵਾਂਗ ਫੈਲਦੀਆਂ ਹਨ। ਫਿਰ ਝੂਠੇ ਅੱਤਵਾਦ ਨਾਲ ਸੰਬੰਧਤ, ਕੁਦਰਤੀ ਆਫਤਾਂ, ਸਾਇੰਸ ਵਿਚਲਾ ਝੂਠ ਤੇ ਫਿਰ ਗਲੀ ਮੁਹਲੇ ਜਾਂ ਵਿਤੀ ਸੰਕਟ ਦੀਆਂ ਝੂਠੀਆਂ ਖਬਰਾਂ।

ਝੂਠੀਆਂ ਖਬਰਾਂ ਕਹਾਣੀਆਂ ਵਾਂਗ ਸਾਡਾ ਧਿਆਨ ਖਿਚਦੀਆਂ ਹਨ ਕਿਉਂਕਿ ਉਸ ਵਿਚ ਡਰ, ਪਿਆਰ, ਤਣਾਓ, ਗੁਸਾ, ਘਬਰਾਹਟ, ਖੁਸ਼ੀ ਆਦਿ, ਸਭ ਦਾ ਮਿਸ਼ਰਨ ਮਿਲ ਜਾਂਦਾ ਹੈ। ਸਿਆਸੀ ਖਬਰਾਂ ਦੇ ਪਾਤਰ ਸਾਡੇ ਤੋਂ ਕਾਫੀ ਅਗਾਂਹ ਹੁੰਦੇ ਹਨ ਤੇ ਉਨ੍ਹਾਂ ਨੂੰ ਢਾਅ ਲਗਦੀ ਸਾਨੂੰ ਸਕੂਨ ਪਹੁੰਚਾਉਂਦੀ ਹੈ। ਆਪਣੇ ਪੂੰਜੀ ਨਿਵੇਸ਼, ਨੌਕਰੀ, ਤਰੱਕੀ, ਵਪਾਰ ਆਦਿ ਦੀਆਂ ਖ਼ਬਰਾਂ ਵਲ ਛੇਤੀ ਧਿਆਨ ਖਿਚਦਾ ਹੈ।

ਝੂਠੀਆਂ ਖ਼ਬਰਾਂ ਹੋਰ ਪਾਸੇ ਧਿਆਨ ਕੇਂਦ੍ਰਿਤ ਕਰਦੀਆਂ ਹਨ ਤੇਂ ਅਸਲ ਮੁਦਿਆਂ ਤੋਂ ਲੋਕ ਭਟਕ ਜਾਂਦੇ ਹਨ। ਘਟ ਤਨਖਾਹ ਤੇ ਦੋ ਵੇਲੇ ਦੀ ਰੋਟੀ ਨਾ ਮਿਲਣ ਤੋਂ ਦੁਖੀ ਜਨਤਾ ਨੂੰ ਭਟਕਾਉਣ ਲਈ ਕਿਸੇ ਨੇਤਾ ਦੇ ਇਸ਼ਕ ਬਾਰੇ ਖ਼ਬਰ ਪਰੋਸੀ ਜਾਂਦੀ ਹੈ। ਝੂਠੀਆਂ ਖ਼ਬਰਾਂ ਨਾਲ ਸਟੌਕ ਮਾਰਕਿਟ ਵੀ ਖ਼ਰਬਾਂ ਦਾ ਘਾਟਾ ਸਹਿਣ ਲਈ ਮਜਬੂਰ ਹੋ ਜਾਂਦੀ ਹੈ। ਝੂਠੇ ਬੰਬ ਦੀ ਖ਼ਬਰ, ਅੱਤਵਾਦੀ ਹਮਲੇ, ਪ੍ਰਧਾਨ ਮੰਤਰੀ ਦੇ ਝੂਠੇ ਐਕਸੀਡੈਂਟ ਤੋਂ ਲੈ ਕੇ ਕਿਸੇ ਮਹਾਂਮਾਰੀ ਬਾਰੇ ਝੂਠੀਆਂ ਖ਼ਬਰਾਂ ਦੇ ਅੰਬਾਰ ਲਗਾ ਦਿੱਤੇ ਜਾਂਦੇ ਹਨ। ਇਸ ਵਾਸਤੇ ਅਨੇਕ ਬੰਦੇ ਨੌਕਰੀ ਉਤੇ ਲਾਏ ਜਾਂਦੇ ਹਨ, ਜੋ ਝੂਠੀਆਂ ਤੇ ਮਸਾਲੇਦਾਰ ਖ਼ਬਰਾਂ ਬਣਾ ਕੇ ਫੈਲਾਉਂਦੇ ਰਹਿੰਦੇ ਹਨ।

ਖੋਜੀਆਂ ਨੇ ਵਿਗਿਆਨ ਅਤੇ ਕਿਸੇ ਸ਼ਖ਼ਸੀਅਤ ਨੂੰ ਢਾਅ ਲਾਉਣ ਲਈ ਫੈਲਾਏ ਝੂਠ ਦੀਆਂ 4000 ਝੂਠੀਆਂ ਖ਼ਬਰਾਂ ਉਤੇ ਖੋਜ ਕੀਤੀ ਜਿਹੜੀਆਂ ਫੇਸਬੁਕ ਰਾਹੀਂ ਫੈਲਾਈਆਂ ਗਈਆਂ ਸਨ।

ਮਨੁਖੀ ਦਿਮਾਗ਼ ਵਾਰ ਵਾਰ ਸੁਣੇ ਝੂਠ ਨੂੰ ਸਚ ਮੰਨ ਕੇ ਇਸੇ ਨੂੰ ਆਧਾਰ ਬਣਾ ਕੇ ਅਤੇ ਕਿਸੇ ਕੋਰਟ ਕੇਸ ਤੋਂ ਬਚਣ ਲਈ -''ਸੂਤਰਾਂ ਤੋਂ ਪਤਾ ਲਗਿਆ ਹੈ'', ''ਸੂਹ ਮਿਲੀ ਹੈ'', ਵਰਗੀਆਂ ਸਤਰਾਂ ਨੂੰ ਝੂਠੀ ਖ਼ਬਰ ਤੋਂ ਪਹਿਲਾਂ ਜੋੜ ਲਿਆ ਜਾਂਦਾ ਹੈ। ਅਸਲ ਫੋਟੋ ਵਿਚ ਕੰਪਿਊਟਰ ਰਾਹੀਂ ਥੋੜਾ ਬਹੁਤ ਜੋੜ-ਤੋੜ ਕਰਕੇ ਸੌਖਿਆਂ ਹੀ ਹੋਰਨਾਂ ਨੂੰ ਭਰਮਾਇਆ ਜਾਂਦਾ ਹੈ। ਝੂਠੀ ਖ਼ਬਰ ਫੈਲਾਉਣ ਦੇ ਵੀ ਵਖੋ ਵਖ ਢੰਗ ਹੁੰਦੇ ਹਨ:-

1) ਰਿਊਮਰ ਡਿਫਿਊਜ਼ਨ : ਕਿਸੇ ਝੂਠੀ ਖ਼ਬਰ ਨੂੰ ਇਕ ਬੰਦੇ ਤੋਂ ਸ਼ੁਰੂ ਕਰ ਕੇ ਫਿਰ ਉਸੇ ਨੂੰ 200 ਬੰਦਿਆਂ ਵਲੋਂ 'ਰੀ-ਟਵੀਟ' ਕੀਤਾ ਜਾਂਦਾ ਹੈ। ਫਿਰ ਲੋਕ ਆਪੇ ਅਗੋਂ ਟਵੀਟ ਕਰਨ ਲਗ ਪੈਂਦੇ ਹਨ।

2) ਰਿਊਮਰ ਕੈਸਕੇਡ : ਇਕੋ ਝੂਠੀ ਕਹਾਣੀ ਨੂੰ ਥੋੜਾ ਜਿੰਨਾ ਬਦਲ ਕੇ ਕਿਸੇ ਹੋਰ ਵਲੋਂ ਟਵੀਟ ਕਰਵਾਇਆ ਜਾਂਦਾ ਹੈ। ਕਹਾਣੀ ਦਾ ਅਸਲ ਨੁਕਤਾ ਉਹੀ ਰਖ ਕੇ ਮਸਾਲੇ ਲਾ ਦਿਤੇ ਜਾਂਦੇ ਹਨ। ਇਹੋ ਜਿਹੇ ਟਵੀਟ ਝੂਠੀ ਖ਼ਬਰ ਨੂੰ ਹੋਰ ਪੱਕਾ ਕਰ ਦਿੰਦੇ ਹਨ। ਹਰ ਵਖਰਾ ਟਵੀਟ 200 ਬੰਦਿਆਂ ਤੋਂ ਰੀ-ਟਵੀਟ ਕਰਵਾ ਕੇ ਲਖਾਂ ਲੋਕਾਂ ਤਕ ਪਹੁੰਚ ਜਾਂਦਾ ਹੈ। ਇਸ ਤਰ੍ਹਾਂ ਦੇ ਟਵੀਟ ਨੂੰ 'ਵਾਇਰਲ' ਕਹਿ ਕੇ ਅੰਤਰਰਾਸ਼ਟਰੀ ਖ਼ਬਰ ਬਣਾ ਦਿਤਾ ਜਾਂਦਾ ਹੈ। ਅਜਿਹੇ ਟਵੀਟ ਪੁਸ਼ਤਾਂ ਤਕ ਝੂਠ ਤੋਂ ਸੱਚ ਵਿਚ ਤਬਦੀਲ ਹੋ ਜਾਂਦੇ ਹਨ।

ਰਿਊਮਰ ਕੈਸਕੇਡ ਆਮ ਤੌਰ 'ਤੇ 1000 ਬੰਦਿਆਂ ਤੋਂ ਇਕ ਅਧੇ ਦਿਨ ਦੇ ਫ਼ਾਸਲੇ 'ਤੇ ਸ਼ੁਰੂ ਕਰਵਾਏ ਜਾਂਦੇ ਹਨ। ਕਿਸੇ ਨੂੰ 'ਪਪੂ' ਸਾਬਤ ਕਰਨ ਲਈ ਉਸ ਬਾਰੇ ਝੂਠੇ, ਮੂਰਖਤਾ ਵਾਲੇ ਟਵੀਟ ਜਾਂ ਟਕਲਿਆਂ ਤੋਂ ਸ਼ੁਰੂ ਕਰਕੇ, ਉਸਦੇ ਸ਼ਬਦਾਂ ਵਿਚ ਰਤਾ ਹੇਰ ਫ਼ੇਰ ਕਰਕੇ ਉਸ ਨੂੰ ਮਜ਼ਾਕ ਦਾ ਪਾਤਰ ਬਣਾ ਦਿਤਾ ਜਾਂਦਾ ਹੈ। ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਵੇਲੇ ਸਿਆਸੀ ਖ਼ਬਰਾਂ ਦਾ ਜੋੜ-ਤੋੜ ਸਿਖਰਾਂ ਉੱਤੇ ਸੀ। ਇਹ 2013 ਤੋਂ 2015 ਤਕ ਪੂਰਾ ਜ਼ੋਰ ਫੜ ਗਿਆ।ਡਿਫਿਊਜ਼ਨ ਵਧ ਕੇ 45,000 ਕੈਸਕੇਡ ਹੋ ਗਏ।ਜੋ ਲੋਕ ਸਚ ਝੂਠ ਵਿਚ ਫਰਕ ਨਾ ਕਰ ਸਕਣ, ਉਲਝਦੇ ਤੁਰੀ ਜਾਣ। ਇਸ ਤੋਂ ਬਾਅਦ 2007 ਤੋਂ ਇਕੋ ਥਾਂ ਤੋਂ 'ਪੂਰਨ ਸਚ', 'ਅਧਾ ਸਚ', ਅਧਾ ਝੂਠ' ਤੇ 'ਕੋਰਾ ਝੂਠ' ਟਵੀਟ ਕਰਵਾਇਆ ਗਿਆ। ਇਸ ਤਰ੍ਹਾਂ ਦੇ ਰਲਗਡ ਟਵੀਟਾਂ ਵਿਚ ਲੋਕ ਪੂਰੀ ਤਰ੍ਹਾਂ ਉਲਝ ਜਾਂਦੇ ਹਨ ਤੇ ਕਦੇ ਵੀ ਪੂਰਾ ਝੂਠ ਫੜ ਨਹੀਂ ਸਕਦ। ਲੋਕਾਂ ਵਲੋਂ 'ਨਿਰੇ ਝੂਠ' ਨੂੰ ਬਾਕੀਆਂ ਨਾਲੋਂ 19 ਗੁਣਾ ਵਧ ਟਵੀਟ ਕੀਤਾ ਗਿਆ ਤੇ ਘੰਟਿਆਂ ਵਿਚ ਹੀ ਲਖਾਂ ਲੋਕਾਂ ਤਕ ਪਹੁੰਚ ਗਿਆ। ਟੀ. ਵੀ. ਜਾਂ ਅਖ਼ਬਾਰਾਂ ਨਾਲੋਂ ਵੀ ਵਧ ਝੂਠੇ ਟਵੀਟ ਦੀ ਪਹੁੰਚ ਵੇਖੀ ਗਈ। ਸੱਚੀ ਖ਼ਬਰ ਛੇ ਗੁਣਾਂ ਵਧ ਸਮੇਂ ਬਾਅਦ ਵੀ ਸਿਰਫ 1500 ਲੋਕਾਂ ਤਕ ਪਹੁੰਚੀ ਦਿਸ। ਇਕੋ ਖ਼ਬਰ ਦੇ ਸੱਚੇ ਤੇ ਝੂਠੇ ਪਹਿਲੂ ਟਵੀਟ ਕਰਵਾਏ ਗਏ ਤਾਂ ਇਹ 1:10 ਦੇ ਹਿਸਾਬ ਨਾਲ ਫੈਲੀਆਂ। ਯਾਨਿ ਲੋਕਾਂ ਨੇ ਝੂਠ ਨੂੰ ਵਧ ਸ਼ੌਂਕ ਨਾਲ ਪੜ੍ਹਿਆ ਤੇ 1000 ਗੁਣਾਂ ਵਧ ਲੋਕਾਂ ਤਕ ਪਹੁੰਚਾ ਦਿਤਾ। ਕਿਸੇ ਦੀ ਉਮਰ ਭਰ ਦੀ ਕਮਾਈ ਸ਼ੋਹਰਤ ਨੂੰ ਪਲਾਂ ਵਿਚ ਹੀ ਢਾਹਿਆ ਜਾ ਸਕਦਾ ਹੈ।

ਜਦੋਂ ਝੂਠ ਫੜਿਆ ਜਾਵੇ ਤਾਂ ਇਹ ਵੇਖਣ ਵਿਚ ਆਇਆ ਕਿ ਲੋਕ ਉਸ ਵਲੋਂ ਕੀਤੇ ਇਕ ਅਧ ਸਚੇ ਟਵੀਟ ਵੀ ਮੰਨਣੋਂ ਹਟ ਜਾਂਦੇ ਹਨ। ਇਸੇ ਲਈ ਝੂਠ ਫੈਲਾਉਣ ਵਾਲੇ ਲਗਾਤਾਰ ਕੁਝ ਸਚ ਤੇ ਬਾਕੀ ਸਾਰਾ ਝੂਠ ਰਲਾ ਕੇ ਝਮੇਲਾ ਪਾ ਦਿੰਦੇ ਹਨ। ਅਜਿਹੇ ਝੂਠ ਸਚ ਦਾ ਮਿਸ਼ਰਨ ਲੋਕ ਰਾਇ ਤਬਦੀਲ ਕਰਨ, ਸਿਆਸੀ ਲਾਹਾ ਲੈਣ ਜਾਂ ਵਪਾਰ ਵਧਾਉਣ ਲਈ ਕੀਤਾ ਜਾ ਰਿਹਾ ਹੈ।

ਲਗੇਗਾ ਇਹ ਫੈਸ਼ਨ ਅਣਗਿਣਤ ਲੋਕ ਪਹਿਲਾਂ ਹੀ ਅਪਣਾ ਚੁਕੇ ਹਨ ਤੇ ਮੈਨੂੰ ਪਤਾ ਹੀ ਨਹੀਂ, ਮੈਂ ਸਭ ਪਿਛਾਂਹ ਨਾ ਰਹਿ ਜਾਵਾਂ! ਇਸ ਹੀਣ ਭਾਵਨਾ ਨੂੰ ਘਟਾਉਣ ਲਈ ਬੰਦਾ ਉਹੀ ਟਵੀਟ ਅਗਾਂਹ ਕਰ ਦਿੰਦਾ ਹੈ ਕਿ ਮੈਂ ਵੀ ਇਸ ਦਾ ਹਿਸਾ ਹਾਂ। ਇਕ ਖੋਜ ਵਿਚ ਟਵਿਟਰ ਨੇ 5 ਹਜ਼ਾਰ ਸਚ ਝੂਠ ਲਿਖਣ ਵਾਲੇ ਸਾਰੇ ਹੀ ਲੋਕ ਰਲਾ ਲਏ। ਉਨ੍ਹਾਂ ਵਿਚੋਂ 25 ਹਜ਼ਾਰ ਟਵੀਟ ਕਢੇ ਜਿਹੜੇ ਦੋ ਮਹੀਨੇ ਪਹਿਲਾਂ ਤੋਂ ਇਨ੍ਹਾਂ ਨੇ ਵੇਖੇ ਹੋਏ ਸਨ। ਵੇਖਿਆ ਗਿਆ ਕਿ ਇਨ੍ਹਾਂ ਵਿਚੋਂ ਲਗਭਗ 200 ਤੋਂ ਵਧ ਵਖੋ ਵਖਰੇ ਵਿਸ਼ਿਆਂ ਉੱਤੇ ਕੀਤੇ ਗਏ ਟਵੀਟ ਸਨ ਤੇ ਵਖੋ ਵਖ ਜ਼ੁਬਾਨਾਂ ਵਿਚ ਸਨ। ਇਹ "ਨੈਸ਼ਨਲ ਰੀਸਰਚ ਕਾਊਂਸਲ ਕੈਨੇਡਾ" ਅਨੁਸਾਰ 8 ਕਿਸਮਾਂ ਦੇ ਹਾਵ ਭਾਵ ਉਜਾਗਰ ਕਰ ਸਕਦੀਆਂ ਖ਼ਬਰਾਂ ਵਧ ਰੀ-ਟਵੀਟ ਹੋ ਕੇ ਲਖਾਂ ਤਕ ਪਹੁੰਚਦੀਆਂ ਹਨ। ਇਨ੍ਹਾਂ ਵਿਚ ਗਸਾ, ਭੈਅ, ਉਮੀਦ, ਵਿਸ਼ਵਾਸ, ਹੈਰਾਨੀ, ਉਦਾਸੀ, ਖੁਸ਼ੀ ਤੇ ਨਫ਼ਰਤ ਸ਼ਾਮਲ ਸਨ।ਸਚੀਆਂ ਖਬਰਾਂ ਇਹ ਅਠ ਹਾਵ-ਭਾਵ ਉਜਾਗਰ ਨਹੀਂ ਕਰ ਸਕਦੀਆਂ ਤੇ ਇਸੇ ਲਈ ਜ਼ਿਆਦਾ ਨਹੀਂ ਟਿਕਦੀਆਂ।

ਸਿਫ਼ਤ-ਸਲਾਹ ਸੁਣ ਕੇ ਅਚੇਤ ਮਨ ਆਹਤ ਹੋ ਜਾਂਦਾ ਹੈ ਤੇ ਕਿਸੇ ਨਿਖੇਧੀ ਵਾਲੀ ਗਲ ਲਿਖਦਾ ਹੈ। ਸਨ 2016 ਤੋਂ 2018 ਤਕ ਅੰਗਰੇਜ਼ੀ ਵਿਚ ਕੀਤੇ ਗਏ 30 ਲਖ ਟਵੀਟਾਂ ਦੀ ਖੋਜ ਤੋਂ ਪਤਾ ਲਗਿਆ ਕਿ ਇਕ ਫੀਸਦੀ ਸਚ ਨਾਲ 99 ਫੀਸਦੀ ਝੂਠ ਰਲਾ ਕੇ ਜ਼ਿਆਦਾ ਲੋਕਾਂ ਤਕ ਪਹੁੰਚ ਕਰਦਾ ਹੈ ਤੇ ਉਨ੍ਹਾਂ ਦੇ ਸੋਚਣ ਸਮਝਣ ਦੇ ਸੈਂਟਰ ਨੂੰ ਆਪਣੇ ਕਾਬੂ ਵਿਚ ਕਰ ਕੇ ਲੋਕ ਰਾਇ ਤਬਦੀਲ ਕਰਨ ਵਿਚ ਮਦਦ ਕਰਦਾ ਹੈ।

ਨਿਚੋੜ : ਅਜ ਅਸੀਂ ਸਾਰੇ ਵੇਖ ਰਹੇ ਹਾਂ ਕਿ ਸਭ ਪਾਸੇ ਕੂੜ ਹੀ ਕੂੜ ਦਾ ਪਸਾਰਾ ਹੈ। ਇਸ ਵਿਚ ਸਚ ਪਿਸ ਗਿਆ ਹੈ। ਝੂਠ ਦੀਆਂ ਡੂੰਘੀਆਂ ਜੜ੍ਹਾਂ ਸਮਾਜ ਨੂੰ ਖੋਖਲਾ ਕਰ ਰਹੀਆਂ ਹਨ। ਹਰ ਗਲ ਦਾ ਆਧਾਰ ਵੀ ਝੂਠ ਉਤੇ ਟਿਕਿਆ ਹੈ ਤੇ ਝੂਠ ਹੁਣ ਸਚ ਨੂੰ ਚਬਣ ਵੀ ਲਗ ਪਿਆ ਹੈ। ਸਿਰਫ਼ ਇਕੋ ਗਲ ਦਾ ਇੰਤਜ਼ਾਰ ਹੈ:

**"ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ" ॥**

**(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ-ਅੰਗ 953)'**

# ਗੋਲਡਨ ਏਜ (ਮਿੰਨੀ ਕਹਾਣੀ)

ਗੁਰਦੀਸ਼ ਕੌਰ ਗਰੇਵਾਲ- ਕੈਲਗਰੀ , ਵਟਸਐਪ: +91 98728 60488

ਅੱਜ ਸੀਨੀਅਰ ਸੈਂਟਰ ਵਿੱਚ ਬੜੀ ਚਹਿਲ ਪਹਿਲ ਸੀ। ਪੁੱਛਣ ਤੇ ਪਤਾ ਲੱਗਿਆ ਕਿ ਅੱਜ ਬੀਬੀ ਪ੍ਰੀਤਮ ਕੌਰ ਜੀ ਦਾ 75ਵਾਂ ਜਨਮ ਦਿਨ ਅਤੇ ਵਿਆਹ ਦੀ 50ਵੀਂ ਵਰ੍ਹੇ ਗੰਢ ਮਨਾਈ ਜਾ ਰਹੀ ਹੈ। ਫੁੱਲਾਂ ਦੇ ਗੁਲਦਸਤੇ ਮੇਜ਼ ਦੀ ਸ਼ੋਭਾ ਵਧਾ ਰਹੇ ਸਨ ਅਤੇ ਹਾਲ ਵੀ ਫੁਲਾਂ ਪੱਤੀਆਂ ਨਾਲ ਸਜਿਆ ਹੋਇਆ ਸੀ। ਪ੍ਰੋਗਰਾਮ ਦੇ ਸ਼ੁਰੂ ਵਿੱਚ- ਗਿੱਲ ਮੈਡਮ ਨੇ ਹਾਰਮੋਨੀਅਮ ਤੇ ਸੁਰੀਲੀ ਆਵਾਜ਼ ਵਿੱਚ ਸ਼ਬਦ ਸੁਣਾ ਕੇ ਸਭ ਨੂੰ ਮੰਤਰ ਮੁਗਧ ਕਰ ਦਿੱਤਾ।

ਕੁੱਝ ਹੀ ਸਮੇਂ ਵਿੱਚ ਬੀਬੀ ਪ੍ਰੀਤਮ ਕੌਰ ਜੀ ਆਪਣੇ ਪਰਿਵਾਰ ਸਮੇਤ ਪਹੁੰਚ ਗਏ। ਮਹਿਫ਼ਲ ਵਿੱਚ ਜਿਵੇਂ ਬਹਾਰ ਆ ਗਈ ਹੋਵੇ। ਸਭ ਨੇ ਤਾੜੀਆਂ ਨਾਲ ਉਹਨਾਂ ਦਾ ਸਵਾਗਤ ਕੀਤਾ। ਬੀਬੀ ਜੀ ਦੇ ਗੋਲ ਮਟੋਲ ਚੇਹਰੇ ਅਤੇ ਗੋਰੇ ਰੰਗ 'ਤੇ ਗੁਲਾਬੀ ਸੂਟ ਨਾਲ ਮੈਚ ਕਰਕੇ ਪਾਇਆ, ਮੋਤੀਆਂ ਦਾ ਸੈਂਟ ਕਾਫ਼ੀ ਫ਼ਬ ਰਿਹਾ ਸੀ। ਗੋਲਡਨ ਕਿਨਾਰੀ ਵਾਲੀ ਗੁਲਾਬੀ ਚੁੰਨੀ ਵੀ, ਦੁੱਧ ਚਿੱਟੇ ਵਾਲਾਂ ਨੂੰ ਚਾਰ ਚੰਨ ਲਾ ਰਹੀ ਸੀ। ਉਹਨਾਂ ਦੇ ਪੋਤੀਆਂ, ਪੋਤੇ- ਨੂੰਹ ਤੇ ਪੋਤ-ਨੂੰਹ, ਸਭ ਕੇਕ ਲੈ ਕੇ ਆਏ ਸਨ। ਦੋ ਘੰਟੇ ਖ਼ੂਬ ਮਹਿਫ਼ਲ ਜੰਮੀ। ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ ਗਈਆਂ ਤੇ ਵਿਆਹ ਦੇ ਗੀਤ ਗਾਏ ਗਏ। ਗਿੱਧਾ ਪਾਇਆ ਗਿਆ, ਡਾਂਸ ਕੀਤੇ ਗਏ, ਚੁਟਕਲੇ ਸੁਣਾਏ ਗਏ, ਬੋਲੀਆਂ ਪਾਈਆਂ ਗਈਆਂ। ਗੱਲ ਕੀ ਪੂਰਾ ਵਿਆਹ ਦਾ ਮਹੌਲ ਸਿਰਜ ਦਿਤਾ। ਇੱਕ ਦੋ ਬਜ਼ੁਰਗ ਬੀਬੀਆਂ ਨੇ ਤਾਂ ਪੁਰਾਣੇ ਫਿਲਮੀ ਗਾਣੇ-'ਤੇਰੀ ਪਿਆਰੀ ਪਿਆਰੀ ਸੂਰਤ ਕੋ, ਕਿਸੀ ਕੀ ਨਜ਼ਰ ਨਾ ਲਗੇ..' 'ਮੇਰਾ ਮਨ ਡੋਲੇ, ਮੇਰਾ ਤਨ ਡੋਲੇ..' ਆਦਿ ਗਾ ਕੇ ਮਹੌਲ ਨੂੰ ਹੋਰ ਵੀ ਰੰਗੀਨ ਕਰ ਦਿੱਤਾ। ਖ਼ੈਰ ਕੁੱਝ ਦੇਰ ਬਾਅਦ ਕੇਕ ਕੱਟਿਆ ਗਿਆ, ਹਾਊਸ ਵਲੋਂ ਆਇਆ ਸਨਮਾਨ ਪੱਤਰ ਦਿੱਤਾ ਗਿਆ, ਸੈਂਟਰ ਵਲੋਂ ਵੀ ਗੁਲਦਸਤਾ ਤੇ ਵਧਾਈ ਦਾ ਕਾਰਡ ਦਿੱਤਾ ਗਿਆ। ਉਹਨਾਂ ਦੀਆਂ ਪੋਤੀਆਂ ਨੇ ਸਾਰੇ ਯਾਦਗਾਰੀ ਪਲਾਂ ਨੂੰ ਵੀਡੀਓ ਕੈਮਰੇ ਵਿੱਚ ਕੈਦ ਕੀਤਾ। ਪਰਿਵਾਰ ਵਲੋਂ ਵਧੀਆ ਪਾਰਟੀ ਦਾ ਪ੍ਰਬੰਧ ਵੀ ਕੀਤਾ ਹੋਇਆ ਸੀ।

ਜ਼ਿੰਦਗੀ ਦਾ ਅੱਠਵਾਂ ਦਹਾਕਾ ਪਾਰ ਕਰ ਚੁੱਕੇ ਗਿੱਲ ਮੈਡਮ ਨੇ ਇਸ ਸਮਾਗਮ ਵਿੱਚ, ਜਦ ਦੁਬਾਰਾ ਹਰਮੋਨੀਅਮ ਤੇ ਸੁਰਿੰਦਰ ਕੌਰ ਦਾ ਗੀਤ- "ਮੈਂਨੂੰ ਹੀਰੇ ਹੀਰੇ ਆਖੇ, ਹਾਏ ਨੀ ਮੁੰਡਾ ਲੰਬੜਾਂ ਦਾ.." ਜੋਸ਼ ਨਾਲ ਸੁਣਾਇਆ ਤਾਂ ਉਹਨਾਂ ਦਾ ਗੋਰਾ ਨਿਛੋਹ ਚੇਹਰਾ ਵੀ ਲਾਲ ਸੁਰਖ ਹੋ ਗਿਆ। ਮੈਂ ਬਾਅਦ ਵਿੱਚ ਉਹਨਾਂ ਨੂੰ ਪੁਛਿਆ, "ਮੈਡਮ ਤੁਸੀਂ ਹਰਮੋਨੀਅਮ ਬਹੁਤ ਸੁਹਣਾ ਵਜਾਉਂਦੇ ਹੋ- ਬਚਪਨ ਤੋਂ ਸਿੱਖਿਆ ਹੋਇਆ ਤੁਸੀਂ?"

"ਨਹੀਂ- ਮੈਂ ਤਾਂ ਸਭ ਕੁੱਝ ਗੋਲਡਨ ਏਜ ਵਿੱਚ ਹੀ ਸਿੱਖਿਆ" ਉਹਨਾਂ ਦਾ ਜਵਾਬ ਸੀ।"ਗੋਲਡਨ ਏਜ..? ਉਹ ਕਿਹੜੀ?" ਕੈਨੇਡਾ ਵਿਖੇ ਨਵੀਂ ਹੋਣ ਕਾਰਨ, ਮੈਂ ਹੈਰਾਨ ਹੋ ਕੇ ਪੁੱਛਿਆ!

"ਬੱਸ ਇਹੀ- 65 ਤੋਂ ਬਾਅਦ, ਜਦੋਂ ਪਰਿਵਾਰਿਕ ਜ਼ਿੰਮੇਵਾਰੀਆਂ ਤੋਂ ਸੁਰਖਰੂ ਹੋ ਜਾਈਦਾ ਹੈ ਤੇ ਆਪਣੇ ਬਾਰੇ ਸੋਚਣ ਦਾ ਮੌਕਾ ਮਿਲਦਾ ਤੇ ਜਦ ਪੈਨਸ਼ਨ ਵੀ ਲੱਗ ਜਾਂਦੀ ਹੈ।" ਉਹ ਇੱਕੋ ਸਾਹੇ ਦੱਸੀ ਗਈ।

"ਮੈਂ ਤਾਂ ਤੁਹਾਨੂੰ 65-66 ਸਾਲ ਦੇ ਹੀ ਸਮਝਦੀ ਹਾਂ" ਮੈਂ ਆਪਣੇ ਅੰਦਾਜ਼ੇ ਮੁਤਾਬਕ ਕਿਹਾ।

"ਲੈ- ਮੈਂ ਤਾਂ ਹੁਣ 80 ਤੋਂ ਉੱਪਰ ਹੋ ਗਈ ਹਾਂ ਗੁਰਦੀਸ਼" ਉਹ ਹੱਸ ਪਈ।

"ਅੱਛਾ..ਤੇ ਕੀ ਕੁੱਝ ਸਿੱਖਿਆ ਫਿਰ ਗੋਲਡਨ ਏਜ ਵਿੱਚ ਤੁਸੀਂ?" ਮੈਂ ਉਤਸੁਕਤਾ ਨਾਲ ਪੁਛਿਆ।

"ਆਹ ਹਾਰਮੋਨੀਅਮ ਸਿੱਖਿਆ, ਕੰਪਿਊਟਰ ਸਿੱਖਿਆ, ਯੋਗਾ ਤੇ ਮੈਡੀਟੇਸ਼ਨ ਸਿੱਖੀ..." ਤੇ ਉਹ ਕਿੰਨਾ ਕੁੱਝ ਹੀ ਗਿਣ ਗਈ।


"ਅਸੀਂ ਲੋਕ ਤਾਂ ਰਿਟਾਇਰ ਹੋ ਕੇ, ਬੱਸ ਐਂਵੇਂ ਨੁੱਕਰੇ ਜਹੇ ਲੱਗ ਕੇ ਬੈਠ ਜਾਂਦੇ ਹਾਂ, ਪਰ ਇਹ ਲੋਕ ਤਾਂ ਏਥੇ ਇਸ ਉਮਰ ਨੂੰ 'ਗੋਲਡਨ ਏਜ' ਕਹਿ ਕੇ, ਇਸ ਦੇ ਜਸ਼ਨ ਮਨਾ ਰਹੇ ਹਨ" ਮੈਂ ਹੈਰਾਨ ਹੋਈ ਇਹਨਾਂ ਬੀਬੀਆਂ ਦੇ ਚਿਹਰਿਆਂ ਤੋਂ 'ਗੋਲਡਨ ਏਜ' ਦੇ ਰਾਜ਼ ਪੜ੍ਹਨ ਲੱਗੀ!

# ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ

## ਅੱਜ ਦਾ ਸ਼ਬਦ

### ਗਤਕਾ

ਲੜੀ ਨੰ:-332



ਗਤਕਾ ਫ਼ਾਰਸੀ ਭਾਸ਼ਾ ਦੇ ਸ਼ਬਦ 'ਖ਼ੁਤਕਾ' ਤੋਂ ਹੋਂਦ ਵਿੱਚ ਆਇਆ। ਜਿਸ ਦਾ ਅਰਥ ਹੈ; ਸੋਟਾ, ਡਾਂਗ, ਲਾਠੀ ਆਦਿ। ਪੰਜਾਬੀ ਜ਼ੁਬਾਨ ਦੇ ਉਚਾਰਨ ਵਿੱਚ ਆ ਕੇ ਇਹ ਸ਼ਬਦ 'ਗਤਕਾ' ਬਣ ਗਿਆ। ਇਹ ਗਦਾ-ਯੁੱਧ ਦੀ ਸਿੱਖਿਆ ਦਾ ਪਹਿਲਾ ਅੰਗ ਹੈ। ਇਸ ਤੋਂ ਇਲਾਵਾ ਇਹ ਯੁੱਧ-ਕਲਾ ਦੀ ਸਿੱਖਿਆ ਦੇਣ ਵਾਲ਼ੀ ਅਤੇ ਵਿਰੋਧੀ ਤੋਂ ਬਚਾਅ ਕਰਨ ਦਾ ਹੁਨਰ ਸਿਖਾਉਣ ਵਾਲ਼ੀ ਇੱਕ ਖੇਡ ਹੈ। ਗਤਕਾ ਖੇਡਣ ਲਈ ਸਾਢੇ ਤਿੰਨ ਹੱਥ ਲੰਮਾ ਡੰਡਾ(ਗਤਕਾ) ਅਤੇ ਛੋਟੀ ਢਾਲ਼ (ਫਰੀ) ਵਰਤੋਂ ਵਿੱਚ ਲਿਆਂਦੀ ਜਾਂਦੀ ਹੈ। ਗਤਕਾ ਸਿੱਖਣ ਵਾਲ਼ੇ ਨੂੰ 'ਭੁਜੰਗੀ' ਕਿਹਾ ਜਾਂਦਾ ਹੈ। ਗਤਕੇ ਦੀ ਸ਼ੁਰੂਆਤ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮੇਂ ਤੋਂ ਹੋਈ। ਗਤਕੇ ਦੀ ਲੋੜ ਆਤਮ-ਸੁਰੱਖਿਆ ਕਾਰਨ ਹੋਂਦ ਵਿੱਚ ਆਈ। ਓਲੰਪਿਕ ਖੇਡਾਂ ਵਿੱਚ ਖੇਡੀ ਜਾਂਦੀ 'ਫੈਂਸਿੰਗ' ਗਤਕੇ ਦਾ ਹੀ ਸੁਧਰਿਆ ਹੋਇਆ ਰੂਪ ਹੈ।

ਜਮਾਤ ਪੰਜਵੀਂ ਦੀ ਪੰਜਾਬੀ ਪਾਠ-ਪੁਸਤਕ ਵਿੱਚ ਪਾਠ 'ਗਤਕਾ' ਸ਼ਾਮਲ ਕੀਤਾ ਗਿਆ ਹੈ।

ਵਿਦਿਆਰਥੀ ਇਸ ਸ਼ਬਦ ਦੀ ਵਰਤੋਂ ਕਰ ਕੇ ਤਿੰਨ ਵਾਕ ਆਪਣੀ ਕਾਪੀ ਵਿੱਚ ਲਿਖਣ।

ਊਸ਼ਾ ਰਾਣੀ, ਪੰਜਾਬੀ ਮਿਸਟ੍ਰੈੱਸ, ਸਸਸਸ ਪੀ.ਏ.ਯੂ. ਲੁਧਿਆਣਾ
ਗੁਰਪਾਲ ਸਿੰਘ ਬਿਲਾਵਲ ਪੰਜਾਬੀ ਮਾਸਟਰ ਸ.ਹ.ਸ. ਸੰਘੇੜਾ (ਬਰਨਾਲ਼ਾ)

## ਸਕੂਲ ਸਿੱਖਿਆ ਵਿਭਾਗ, ਪੰਜਾਬ

## ਸ਼ਬਦ-ਸਫ਼ਰ-੨੪੮

## ਮਹਿਰਮ

'ਮਹਿਰਮ' ਤੋਂ ਭਾਵ 'ਭੇਤੀ, ਗੂੜ੍ਹਾ ਦੋਸਤ, ਹਮਰਾਜ਼ ਆਦਿ' ਹੈ। 'ਮਹਿਰਮ' 'ਹਰਮ' ਤੋਂ ਬਣਿਆ ਜਿਸ ਦਾ ਭਾਵ 'ਔਰਤਾਂ ਦੀ ਰਹਿਣ ਥਾਂ, ਵਰਜਿਤ ਕੀਤਾ ਹੋਇਆ, ਪਵਿੱਤਰ ਆਦਿ' ਹੈ। 'ਮਹਿਰਮ' ਤੋਂ ਭਾਵ ਉਹ ਨਜ਼ਦੀਕੀ ਰਿਸ਼ਤੇਦਾਰ ਜਿਸ ਨੂੰ ਹਰਮ ਵਿੱਚ ਜਾਣ ਦੀ ਖੁੱਲ੍ਹ ਹੋਵੇ ਅਤੇ ਇਸਤਰੀ ਨੂੰ ਉਸ ਤੋਂ ਪਰਦਾ ਕਰਨ ਦੀ ਲੋੜ ਨਾ ਹੋਵੇ। ਸਪਸ਼ਟ ਹੈ ਅਜਿਹਾ ਰਿਸ਼ਤੇਦਾਰ ਘਰ-ਪਰਿਵਾਰ ਬਾਰੇ ਵਧੇਰੇ ਜਾਣਕਾਰੀ ਰੱਖਦਾ ਹੋਵੇਗਾ। ਪੰਜਾਬੀ ਤੇ ਉਰਦੂ ਸ਼ਾਇਰੀ ਵਿੱਚ 'ਮਹਿਰਮ' ਸ਼ਬਦ ਦੀ ਖ਼ੂਬ ਵਰਤੋਂ ਹੋਈ ਹੈ -

ਜ਼ਬਾਨੋਂ ਸ਼ਹਿਦ ਚੋਂਦਾ ਹੈ ਤੇ ਦਿਲ ਜ਼ਹਿਰਾਂ ਦੇ ਡੰਗੇ ਨੇ।
ਜੇ ਮਹਿਰਮ ਇਸ ਤਰ੍ਹਾਂ ਦੇ ਹਨ ਤਾਂ ਦੁਸ਼ਮਣ ਹੀ ਚੰਗੇ ਨੇ।
(ਜਸਪਾਲ ਘਈ)

हम दुआ लिखते रहे, वो दग़ा पढ़ते रहे,
एक नुकते ने महरम से मुजरिम बना दिया।

## ਸਕੂਲ ਸਿੱਖਿਆ ਵਿਭਾਗ, ਪੰਜਾਬ

ਪੇਸ਼ਕਰਤਾ
ਜਸਵਿੰਦਰ ਸਿੰਘ 'ਜਲਾਲ' (9915397716)

# ਅਪਰੈਲ ਦਾ ਮਹੀਨਾ

ਰੂਬੀਨਾ ਸਿੰਘ, ਯੂਨੀਵਰਸਿਟੀ ਆਫ ਕੈਲਗਰੀ (ਕੈਨੇਡਾ)

ਮੂਲ ਨਾਨਕਸ਼ਾਹੀ (ਸੂਰਜੀ) ਕੈਲੰਡਰ ਅਨੁਸਾਰ ਵਿਸਾਖ ਦੀ ਪਹਿਲੀ ਤਾਰੀਖ (14 ਅਪਰੈਲ) ਨੂੰ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਸਾਹਿਬ ਦਾ (1469 ਵਿਚ) ਅਵਤਾਰ ਹੋਇਆ ਸੀ। ਇਸ ਦਿਨ **"ਵਿਸਾਖੀ"** ਦਾ ਤਿਉਹਾਰ ਮਨਾਇਆ ਜਾਂਦਾ ਹੈ ਅਤੇ ਇਸੇ ਦਿਨ 1699 ਵਿਚ ਦਸਮੇਸ਼ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਿਰਜਣਾ ਕੀਤੀ ਸੀ। ਦੁਨੀਆਂ ਦੇ ਇਤਿਹਾਸ ਵਿਚ ਇਹ ਦੋਵੇਂ ਘਟਨਾਵਾਂ ਬਹੁਤ ਮਹੱਤਵਪੂਰਣ ਹਨ। ਇਹ ਦਿਨ "**ਦਸਤਾਰ ਦਿਵਸ**" ਦੇ ਤੌਰ ਤੇ ਵੀ ਮਨਾਇਆ ਜਾਂਦਾ ਹੈ।ਇਸ ਮਹੀਨੇ ਹੋਰ ਵੀ ਕਈ ਕੁਝ ਵਿਸ਼ੇਸ਼ ਵਾਪਰਿਆ।

3 ਵਿਸਾਖ ਨੂੰ ਗੁਰੂ ਅੰਗਦ ਸਾਹਿਬ ਦੇ (1552 ਵਿਚ) ਜੋਤੀ ਜੋਤ ਸਮਾਵਣ ਤੇ ਗੁਰੂ ਅਮਰ ਦਾਸ ਜੀ ਗੁਰਗੱਦੀ ਤੇ ਬੈਠੇ। ਸਨ 1664 ਵਿਚ 3 ਵਿਸਾਖ ਵਾਲੇ ਦਿਨ ਅਠਵੇਂ ਪਾਤਸ਼ਾਹ ਗੁਰੂ ਹਰ ਕ੍ਰਿਸ਼ਨ ਜੀ ਜੋਤੀ ਜੋਤ ਸਮਾਏ ਅਤੇ ਗੁਰੂ ਤੇਗ ਬਹਾਦੁਰ ਸਾਹਿਬ ਨੌਵੇਂ ਗੁਰੂ ਬਣੇ। ਗੁਰੂ ਤੇਗ ਬਹਾਦੁਰ ਸਾਹਿਬ ਦਾ ਪਰਕਾਸ਼ 5 ਵਿਸਾਖ (1621 ਵਿਚ) ਅਤੇ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਸਾਹਿਬ ਦਾ ਪਰਕਾਸ਼ 19 ਵਿਸਾਖ (1563 ਵਿਚ) ਹੋਇਆ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਸਾਹਿਬ ਦਾ ਫੁਰਮਾਣ ਹੈ :

**ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ॥**

ਰਾਗੁ ਮਾਝ ਬਾਰਹ ਮਾਹਾ – ਅੰਗ 133॥

ਵੈਸਾਖ਼ (ਮਨੁੱਖ ਨੂੰ) ਤਾਂ ਹੀ ਸੁਹਾਵਨਾ ਲਗੇਗਾ ਜੇ ਸੰਤਾਂ ਨੂੰ ਮਿਲ ਕੇ ਪ੍ਰਮਾਤਮਾ ਦੀ ਸੋਝੀ ਮਿਲੇ ਅਤੇ ਉਸ ਨਾਲ ਮਿਲਾਪ ਹੋ ਸਕੇ।

ਗੁਰੂ ਨਾਨਕ ਸਾਹਿਬ ਨੇ ਵੀ ਇਹੋ ਜਿਹੇ ਵਿਚਾਰ ਹੀ ਦਿੱਤੇ ਹਨ :

**ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ॥**

ਤੁਖਾਰੀ ਛੰਤ ਮਹਲਾ –1 ਬਾਹ ਮਾਹਾ – ਅੰਗ 1108॥

ਸ਼ਹੀਦ ਭਾਈ ਮਨੀ ਸਿੰਘ ਜੀ ਦਾ ਜਨਮ ਵੀ ਵਿਸਾਖ ਦੇ ਮਹੀਨੇ ਵਿਚ ਹੋਇਆ ਸੀ।

ਅਪਰੈਲ ਦਾ ਨਾਮ ਇਕ ਦੇਵੀ ਦੇ ਸਤਿਕਾਰ ਵਿਚ ਰੱਖਿਆ ਗਿਆ ਸੀ ਜਿਸ ਨੂੰ ਗ੍ਰੀਸ ਦੇ ਲੋਕ Goddess of Love (Aphrodite), ਅਤੇ ਰੋਮਨ ਲੋਕ Venus ਵੀ ਕਹਿੰਦੇ ਸਨ। ਇਸ ਮਹੀਨੇ ਵਿਚ ਕਈ ਪ੍ਰਸਿਧ ਲੋਕਾਂ ਦਾ ਜਨਮ ਹੋਇਆ ਜਿਨ੍ਹਾਂ ਵਿਚ William Wordsworth, William Shakespeare, Leonardo da Vinci, Charlie Chaplin and Queen Elizabeth-II **ਸ਼ਾਮਲ ਹਨ।**

ਸੰਸਾਰ ਵਿਚ ਕੁਝ ਹੋਰ ਬੜੀਆਂ ਇਤਿਹਾਸਕ ਗੱਲਾਂ ਵੀ ਹੋਈਆਂ। ਜਿਵੇਂ

**6 ਅਪਰੈਲ** 1896 ਨੂੰ ਏਥੈਨਸ, ਗ੍ਰੀਸ (Athens, Greece) ਵਿਚ 1500 ਸਾਲਾਂ ਤੋਂ ਬਾਅਦ ਔਲੰਪਿਕ ਖੇਡਾਂ (Olympic Games) ਦੋਬਾਰਾ ਸ਼ੁਰੂ ਹੋਈਆਂ।

**14 ਅਪਰੈਲ** 1865 ਨੂੰ ਅਮਰੀਕਾ ਦੇ ਪ੍ਰੈਜ਼ੀਡੈਂਟ ਅਬ੍ਰਾਹਮ ਲਿੰਕਨ (Abraham Lincoln) ਨੂੰ ਮਾਰ ਦਿਤਾ ਗਿਆ ਸੀ।

**14 –15 ਅਪਰੈਲ** 1912 ਨੂੰ ਉਸ ਵੇਲੇ ਦਾ ਸਭ ਤੋਂ ਵੱਡਾ ਜਹਾਜ਼, ਟਾਈਟੈਨਿਕ (Titanic), ਐਟਲਾਂਟਿਕ ਸਮੁੰਦਰ ਵਿਚ ਡੁੱਬ ਗਿਆ ਸੀ, ਜਿਸ ਬਾਰੇ ਕਿਹਾ ਜਾਂਦਾ ਸੀ ਕਿ ਇਹ ਕਦੇ ਡੁੱਬ ਨਹੀਂ ਸਕਦਾ।

**18 ਅਪਰੈਲ** ਨੂੰ ਹਰ ਸਾਲ ਮਹਾਤਮਾ ਬੁੱਧ ਦਾ ਜਨਮ ਦਿਨ ਮਨਾਇਆ ਜਾਂਦਾ ਹੈ।

**18 ਅਪਰੈਲ** 1982 ਨੂੰ ਇੰਗਲੈਂਡ ਨੇ ਪੁਰਾਣਾ ਇਕ ਨਵਾਂ ਸੰਵਿਧਾਨਕ ਐਕਟ (New Constitutional Act) ਬਣਾਇਆ ਸੀ ਜਿਸ ਨਾਲ ਕੈਨੇਡਾ ਨੂੰ ਸਾਰੇ ਮੁੱਢਲੇ ਨਾਗਰਿਕ ਅਧਿਕਾਰ ਮਿਲ ਗਏ।

**24 ਅਪਰੈਲ** 1800 ਨੂੰ ਵਾਸ਼ਿੰਗਟਨ ਵਿਚ ਦੁਨੀਆਂ ਦੀ ਸਭ ਤੋਂ ਵੱਡੀ ਲਾਇਬ੍ਰੇਰੀ (Library of Congress) ਬਣੀ। ਹੁਣ ਇਸ ਵਿਚ ਲਗਭਗ 17.5 ਕਰੋੜ (175 ਮਿਲੀਅਨ) ਕਿਤਾਬਾਂ ਤੇ ਹੋਰ ਦੁਰਲੱਭ ਲਿਖਤਾਂ ਸਨ, ਜਿਨ੍ਹਾਂ ਵਿਚ ਹਰ ਸਾਲ 10,000 ਤੋਂ ਜ਼ਿਆਦਾ ਨਵੀਆਂ ਕਿਤਾਬਾਂ ਦਾ ਵਾਧਾ ਕੀਤਾ ਜਾਂਦਾ ਹੈ।

## ਅਪਰੈਲ ਅੰਕ ਦੇ ਲੇਖਕ

**ਡਾ: ਤਰਲੋਕ ਸਿੰਘ ਸਹੋਤਾ** ਲੇਕਹੈੱਡ ਯੂਨੀਵਰਸਿਟੀ ਦੇ ਪ੍ਰੋਫੈਸਰ ਅਤੇ ਐਗਰੀਕਲਚਰਲ ਰਿਸਰਚ ਸਟੇਸ਼ਨ, ਥੰਡਰ ਬੇ (ਕੈਨੇਡਾ) ਦੇ ਡਾਇਰੈਕਟਰ ਹਨ। ਉਨ੍ਹਾਂ ਨੇ ਪੌਸ਼ਟਿਕ ਫਸਲਾਂ ਦੀਆਂ ਕਿਸਮਾਂ ਅਤੇ ਨਵੇਂ ਚਾਰੇ ਬਾਰੇ ਕਈ ਮੁਲਕਾਂ ਦੀਆਂ ਸੰਸਥਾਵਾਂ ਵਿੱਚ 40 ਸਾਲਾਂ ਤਕ ਖੋਜ ਕੀਤੀ। ਪਲਾਂਟ ਕੈਨੇਡਾ ਅਤੇ ਅਮਰੀਕਨ ਸੋਸਾਇਟੀ ਆਫ਼ ਐਗਰੋਨੋਮੀ ਵਿਖੇ ਲਗਭਗ 100 ਪੇਪਰ ਪੜ੍ਹੇ ਅਤੇ 650 ਤੋਂ ਵੱਧ ਪੇਪਰ ਪ੍ਰਕਾਸ਼ਿਤ ਕੀਤੇ। ਫੈਲੋਸ਼ਿਪ ਅਤੇ **Distinguished Agronomist Award**, ਅਵਾਰਡ ਆਫ਼ ਐਕਸੀਲੈਂਸ, **RBC Innovation Award** ਅਤੇ **PAU Award of Honour** ਮਿਲੇ ਅਤੇ **Thunder Bay Multifaith Committee** 'ਤੇ ਸਿੱਖ ਧਰਮ ਦੀ ਨੁਮਾਇੰਦਗੀ ਕਰ ਰਹੇ ਹਨ। (**E-Mail: tssahota@lakeheadu.ca & : +1 (807) 475-8404**)

**ਸ੍ਰੀਮਤੀ ਗੁਰਦੀਸ਼ ਕੌਰ ਗਰੇਵਾਲ ਦੇ** ਲੇਖ ਅਤੇ ਗੀਤ ਦੁਨੀਆਂ ਭਰ ਵਿੱਚ ਪ੍ਰਸਿੱਧ ਹਨ। ਉਹ ਵਿਸ਼ਵ ਪੰਜਾਬੀ ਕਵੀ ਸਭਾ ਦੇ ਸਕੱਤਰ ਅਤੇ ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੇ ਜਨਰਲ ਸਕੱਤਰ ਹਨ। ਉਨ੍ਹਾਂ ਨੇ ਸੱਤ ਕਿਤਾਬਾਂ (ਕਵਿਤਾ ਅਤੇ ਵਾਰਤਕ) ਪ੍ਰਕਾਸ਼ਿਤ ਕੀਤੀਆਂ ਹਨ। ਕੈਨੇਡਾ ਦੀ ਫੈਡਰਲ ਸਰਕਾਰ ਦੁਆਰਾ ਦੋ ਵਾਰ ਅਤੇ ਭਾਰਤ ਅਤੇ ਵਿਦੇਸ਼ਾਂ ਵਿੱਚ ਉਨ੍ਹਾਂ ਨੂੰ ਕਈ ਵਾਰ ਸਨਮਾਨ ਮਿਲੇ। ਉਨ੍ਹਾਂ ਨੂੰ 'ਦੇਸ ਪੰਜਾਬ ਟਾਈਮਜ਼', ਕੈਲਗਰੀ, ਦੁਆਰਾ 'ਭਾਈ ਵੀਰ ਸਿੰਘ ਜੀ' ਅਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ। (**E-mail : gurdish.grewal@gmail.com)**

**ਪ੍ਰੋਫੈਸਰ ਮਨਿੰਦਰ ਸਿੰਘ,** ਐਮ.ਏ, ਗੁਰੂ ਨਾਨਕ ਕਾਲਜ ਧਨਬਾਦ ਵਿੱਚ ਲੈਕਚਰਾਰ ਰਹਿ ਚੁਕੇ ਹਨ। ਉਨ੍ਹਾਂ ਨੇ ਪੂਰਬੀ ਭਾਰਤ, ਮਲੇਸ਼ੀਆ, ਸਿੰਗਾਪੁਰ, ਕੈਲਗਰੀ ਅਤੇ ਐਡਮਿੰਟਨ (ਕੈਨੇਡਾ) ਵਿੱਚ ਸਿੱਖ ਵਿਦਿਆਰਥੀਆਂ ਨੂੰ ਗੁਰਮਤਿ ਦੀ ਸਿੱਖਿਆ ਦਿੱਤੀ, ਬੱਚਿਆਂ ਲਈ ਇੱਕ ਪੰਜਾਬੀ ਮੈਗਜ਼ੀਨ "ਜੋਤ ਤੇ ਜੁਗਤ" ਅਤੇ 4 ਕਿਤਾਬਾਂ ਦਾ ਸੰਪਾਦਨ ਵੀ ਕੀਤਾ ਹੈ। (**Web: http://www.mypanorama.ca.)**

**ਡਾ. ਕਾਲਾ ਸਿੰਘ** ਸਿੱਖ ਅਧਿਆਤਮਿਕਤਾ ਅਤੇ ਮਾਨਸਿਕ ਸਿਹਤ ਦੇ ਖੇਤਰ ਵਿਚ ਕੰਮ ਕਰ ਰਹੇ ਹਨ। ਉਹਨਾਂ ਦੀ ਮੈਡੀਕਲ ਖੋਜ "ਸਪਿਰਿਚੁਅਲਿਟੀ ਐਂਡ ਹੈਲਥ ਇੰਟਰਨੈਸ਼ਨਲ" ਅਤੇ ਦੋ ਕਿਤਾਬਾਂ "ਗੁਰਮਤਿ ਸਿਧਾਂਤ" ਵਿਚ ਪ੍ਰਕਾਸ਼ਿਤ ਹੈ। ਉਨ੍ਹਾਂ ਨੂੰ ਬ੍ਰਿਟਿਸ਼ ਪਾਰਲੀਮੈਂਟ ਵਿੱਚ ਗਲੋਬਲ ਕਨਵੈਨਸ਼ਨ ਦੌਰਾਨ "ਪ੍ਰਵਾਸੀ ਰਤਨ ਅਵਾਰਡ" ਨਾਲ ਸਨਮਾਨਿਤ ਕੀਤਾ ਗਿਆ ਸੀ। ਉਹ ਬੀ. ਸੀ. (ਕੈਨੇਡਾ) ਦੀ ਮਲਟੀ-ਫੇਥ ਕੌਂਸਿਲ ਅਤੇ ਗਲੋਬਲ ਸਿੱਖ ਕੌਂਸਿਲ ਦੇ ਸਕੱਤਰ ਹਨ। (**E-mail: kalasingh18@gmail.com )**

**ਡਾ. ਰਾਜਬੀਰ ਸਿੰਘ ਭੱਟੀ** ਨੇ ਪਟਿਆਲਾ ਤੋਂ **Industrial Engineering** ਵਿਚ **M. Tech**. ਕਰ ਕੇ **Ph. D. Indian Institute of Technology (IIT) Roorkee** ਤੋਂ **Supply Chain Optimization)** ਵਿੱਚ ਕੀਤੀ ਹੈ। ਵਰਤਮਾਨ ਵਿੱਚ **Mount Royal University, Calgary** ਵਿੱਚ **Associate Professor** ਅਤੇ ਵਿਭਾਗ ਦੇ ਮੁਖੀ ਹਨ। (**Website: rajbirbhatti.ca)**

**ਸਰਦਾਰ ਚਮਕੌਰ ਸਿੰਘ** ਫ਼ਰਵਰੀ 1994 ਤੋਂ ਸੈਨ ਡੀਏਗੋ ਕੈਲੀਫੋਰਨੀਆ ਵਿੱਚ ਰਹਿ ਰਹੇ ਹਨ। ਪੇਸ਼ੇ ਤੋਂ ਇੱਕ ਵੈਟਰਨਰੀ ਡਾਕਟਰ ਹਨ ਅਤੇ 1992 ਤੋਂ ਯੂ.ਐਸ.ਏ. ਵਿੱਚ ਵੈਟਰਨਰੀ ਮੈਡੀਸਨ ਦਾ ਕੰਮ ਕਰ ਰਹੇ ਹਨ। ਪੰਜਤਬ ਖੇਤੀਬਾੜੀ ਯੂਨੀਵਰਸਿਟੀ (ਪੀ. ਏ. ਯੂ.) ਲੁਧਿਆਣਾ ਤੋਂ ਵੈਟਰਨਰੀ ਮੈਡੀਸਨ ਦੇ ਕਾਲਜ ਤੋਂ ਗ੍ਰੈਜੂਏਸ਼ਨ ਕੀਤਾ ਹੈ। 1981 ਵਿੱਚ ਲੁਧਿਆਣਾ, ਨਿਰਮਲਾ ਸੰਪਰਦਾ ਤੋਂ ਗੁਰਬਾਣੀ ਦੀ ਸਿਖਲਾਈ ਪ੍ਰਾਪਤ ਕੀਤੀ। ਗੁਰਬਾਣੀ ਵਿਆਕਰਣ ਪੜ੍ਹ ਕੇ ਗੁਰਬਾਣੀ ਦੀ ਵਿਆਖਿਆ ਕਰਨੀ ਸਿੱਖੀ।

**ਡਾ. ਹਰਸ਼ਿੰਦਰ ਕੌਰ,** ਪਟਿਆਲਾ ਤੋਂ ਐੱਮ.ਡੀ. ਹਨ। ਲੈਕਚਰ ਦੇ ਕੇ ਜਾਗਰੂਪਤਾ ਲਿਆ ਰਹੇ ਹਨ। ਅਨਾਥ 415 ਲੜਕੀਆਂ ਨੂੰ ਮੁਫਤ ਸਿੱਖਿਆ ਪ੍ਰਦਾਨ ਕਰ ਰਹੇ ਹਨ, ਅਤੇ 41 ਅੰਤਰਰਾਸ਼ਟਰੀ ਪੱਧਰ 'ਤੇ ਸਨਮਾਨਿਤ ਕਿਤਾਬਾਂ ਅਤੇ ਲੇਖ ਲਿਖੇ ਹਨ। ਚੋਟੀ ਦੀਆਂ ਭਾਰਤੀ ਮਹਿਲਾਵਾਂ ਵਿਚ ਰਾਸ਼ਟਰਪਤੀ ਦੁਆਰਾ ਸਨਮਾਨ, ਪੰਜਾਬ ਤੋਂ ਪੁਰਸਕਾਰ ਅਤੇ ਚੋਟੀ ਦੇ ਸਿੱਖ ਰੋਲ ਮਾਡਲਾਂ ਵਿੱਚ ਦਰਜਾ ਪ੍ਰਾਪਤ ਕੀਤਾ ਹੈ। ਸੰਯੁਕਤ ਰਾਸ਼ਟਰ ਮੀਡੀਆ, 'ਵੂਮੈਨ ਰਾਈਟਸ ਐਕਟੀਵਿਸਟ' ਅਵਾਰਡ' ਅਤੇ ਰੋਟਰੀ ਵੋਕੇਸ਼ਨਲ ਅਵਾਰਡ, ਕੈਨੇਡਾ, ਕੈਲੀਫੋਰਨੀਆ ਦੀਆਂ ਸੰਸਦਾਂ ਵਿੱਚ ਅਵਾਰਡ' ਪ੍ਰਾਪਤ ਕੀਤੇ। ਭਾਰਤ, ਨੀਦਰਲੈਂਡ, ਯੂ. ਕੇ. ਅਤੇ ਕੈਨੇਡਾ ਦੇ ਟੀ. ਵੀ. ਦੁਆਰਾ ਉਨ੍ਹਾਂ ਦੇ ਕੰਮ 'ਤੇ ਅਧਾਰਿਤ ਫਿਲਮਾਂ ਬਣਾਈਆਂ ਗਈਆਂ ਹਨ। (**E-Mail: drharshpatiala@yahoo.com)**

**ਸ੍ਰ. ਕਰਮਜੀਤ ਸਿੰਘ ਨੂਰ** ਪੰਜਾਬ ਰਾਜ ਬਿਜਲੀ ਬੋਰਡ ਤੋਂ 2008 ਵਿਚ ਬਤੌਰ ਐਕਸੀਅਨ ਰਿਟਾਇਰ ਹੋਏ। ਅੱਠ ਕਾਵਿ ਸੰਗ੍ਰਹਿ ਛਪੇ ਹਨ। ਗੁਰੁ ਗੋਬਿੰਦ ਸਿੰਘ ਸਟੱਡੀ ਸਰਕਲ (ਜਿਸ ਦੇ ਮੀਤ ਪ੍ਰਧਾਨ, ਸਕੱਤਰ ਸਨ) ਦੀ ਮੈਗਜ਼ੀਨਾਂ ਵਿਚ ਰਚਨਾਵਾਂ ਛਪਦੀਆਂ ਹਨ। ਇੰਗਲੈਂਡ, ਅਮਰੀਕਾ ਅਤੇ ਪਾਕਿਸਤਾਨ ਵਿਖੇ ਕਵੀ ਦਰਬਾਰਾਂ ਵਿਚ ਸਨਮਾਨ ਪ੍ਰਾਪਤ ਹੋਏ। ਦਿੱਲੀ ਵਿਖੇ ਸਪਤ ਸ੍ਰਿੰਗ ਕਵੀ ਸਭਾ ਵਲੋਂ ਸ੍ਰ. ਪ੍ਰੀਤਮ ਸਿੰਘ ਕਾਸਦ ਯਾਦਗਾਰੀ ਪੁਰਸਕਾਰ ਦਿਤਾ ਗਿਆ। ਆਲ ਇੰਡੀਆ ਰੇਡੀਓ ਅਤੇ ਦੂਰਦਰਸ਼ਨ ਜਲੰਧਰ ਵਲੋਂ ਕਵੀ ਦਰਬਾਰਾਂ ਦਾ ਸੰਚਾਲਨ ਕੀਤਾ। ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਦੀ ਪ੍ਰਧਾਨਗੀ ਕਰ ਰਹੇ ਹਨ। (E-mail : ksnoor50@gmail.com. )

**ਬੀਬੀ ਰੁਬੀਨਾ ਸਿੰਘ** ਕੈਲਗਰੀ ਯੂਨੀਵਰਸਿਟੀ ਵਿੱਚ ਬੀ.ਐਸਸੀ. ਦੀ ਵਿਦਿਆਰਥਣ ਹੈ। ਉਹ ਨੌਜਵਾਨਾਂ ਵਿੱਚ ਮਾਨਸਿਕ ਸਿਹਤ 'ਤੇ ਅਲਬਰਟਾ ਹੈਲਥ ਸਿਸਟਮ (AHS) ਵਿਚ ਖੋਜਕਾਰ ਰਹੀ ਹੈ। "ਡਾਇਗਨੌਸਟਿਕਸ ਵਿੱਚ ਅਸਮਾਨਤਾਵਾਂ" ਪ੍ਰਾਜੈਕਟ ਦੀ ਵਾਈਸ ਪ੍ਰੈਜ਼ੀਡੈਂਟ ਹੈ ਤੇ ਔਰਤਾਂ ਦੀ ਸਿਹਤ ਦੀ ਜਾਂਚ ਵਿਚ ਕਮੀਆਂ ਦੇਖਦੀ ਹੈ। ਉਸਨੇ ਕੈਲਗਰੀ ਵਿੱਚ ਫੁੱਟਹਿਲਜ਼ ਮੈਡੀਕਲ ਸੈਂਟਰ ਵਿੱਚ ਵਲੰਟੀਅਰ ਵਜੋਂ 1000 ਘੰਟਿਆਂ ਤੋਂ ਵੱਧ ਸੇਵਾ ਕੀਤੀ। ਉਸ ਨੇ ਪ੍ਰੋਜੈਕਟ (Covid Speaks) ਵਿਚ ਅਗਵਾਈ ਕੀਤੀ।

**ਡਾ. ਰਾਜਾ ਬਲਰਾਜ ਸਿੰਘ** ਨੇ 2020 ਵਿੱਚ ਔਨਲਾਈਨ ਪ੍ਰੋਗਰਾਮ (ਕੈਲਗਰੀ ਈ-ਦੀਵਾਨ) ਸ਼ੁਰੂ ਕੀਤਾ, ਤਾਂ ਜੋ ਵੱਖੋ-ਵੱਖ ਧਰਮਾਂ ਵਿਚ ਸੰਵਾਦ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਵਿਸ਼ਵ-ਵਿਆਪੀ ਭਾਈਚਾਰੇ ਦੇ ਸੰਦੇਸ਼ ਬਾਰੇ ਜਾਗਰੂਕਤਾ ਪੈਦਾ ਕੀਤੀ ਜਾ ਸਕੇ। ਉਨ੍ਹਾਂ ਦੀ ਪੀ.ਐਚ.ਡੀ. ਮੈਨੀਟੋਬਾ ਯੂਨੀਵਰਸਿਟੀ (ਵਿਨੀਪੈਗ, ਕੈਨੇਡਾ) ਤੋਂ Cardio-vascular Sciences ਵਿੱਚ ਖੋਜ ਤੇ ਅਧਾਰਿਤ ਹੈ। ਅਲਬਰਟਾ ਯੂਨੀਵਰਸਿਟੀ ਦੇ ਨਾਲ "ਅਲਬਰਟਾ ਪ੍ਰੋਸਟੇਟ ਕੈਂਸਰ ਰਿਸਰਚ ਇਨੀਸ਼ੀਏਟਿਵ" ਦੇ ਡਾਇਰੈਕਟਰ ਹਨ। (E-mail: rajabsingh72@gmail.com)

---

ਈ-ਦੀਵਾਨ ਕੈਲਗਰੀ ਵਲੋਂ ਕਰਵਾਏ ਗਏ

"ਇੰਟਰਨੈਸ਼ਨਲ ਔਰਤਾਂ ਦੇ ਦਿਨ"

ਨੂੰ ਸਮਰਪਿਤ ਵਿਸ਼ੇਸ਼ ਕਵੀ ਦਰਬਾਰ

(ਸੰਚਾਲਕ ਰੁਬੀਨਾ ਸਿੰਘ ਅਤੇ ਸਬੀਨਾ ਕੌਰ)

ਦੀ ਰਿਕਾਰਡਿੰਗ

Recording of Special e-diwan to commemorate

**International Women's day**

https://youtu.be/2Zqu5MNZewI

## ਲੇਖਕਾਂ ਲਈ ਜ਼ਰੂਰੀ ਜਾਣਕਾਰੀ

ਮੈਗਜ਼ੀਨ ਦੀ ਨੀਤੀ: ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ, ਵਿਰਾਸਤ ਨੂੰ ਪ੍ਰਫੁੱਲਤ ਕਰਨ ਲਈ ਧਰਮ-ਨਿਰਪੱਖ, ਗੈਰ-ਸਿਆਸੀ, ਗੈਰਨਿੱਜੀ ਲੇਖ/ ਕਵਿਤਾਵਾਂ (ਹੀ), ਸਮੀਖਿਆ ਕਰਵਾ ਕੇ ਛਾਪਣਾ

1. ਸੰਪਾਦਕੀ ਬੋਰਡ ਲੇਖਕਾਂ ਦੇ ਵਿਚਾਰਾਂ ਲਈ ਜ਼ਿੰਮੇਵਾਰ ਨਹੀਂ ਹੈ, ਜ਼ਿਮੇਵਾਰੀ ਕੇਵਲ ਲੇਖਕਾਂ ਦੀ ਹੋਵੇਗੀ
2. ਲਿਖਤ ਪੰਜਾਬੀ (ਅਨਮੋਲ ਲਿਪੀ), ਅੰਗਰੇਜ਼ੀ (ਟਾਈਮਜ਼ ਨਿਊ ਰੋਮਨ) ਵਰਡ-12 ਫੌਂਟ ਵਿਚ ਹੀ ਹੋਵੇ
3. ਪ੍ਰਿੰਟ-ਸਕ੍ਰੀਨ, ਫੋਟੋ-ਕਾਪੀ, ਸਨਿੱਪ-ਟੂਲ, ਪੀ ਡੀ ਐਫ ਜਾਂ ਆਫਿਸ ਲੈਂਸ ਬਿਲਕੁਲ ਵੀ ਨਾ ਹੋਵੇ ਜੀ
4. ਸਿੰਗਲ (1.0) ਲਾਈਨ ਸਪੇਸਿੰਗ ਅਤੇ ਹਾਸ਼ੀਏ ਲਈ ਚਾਰੇ ਪਾਸੇ ਇੱਕ ਇੰਚ ਜਗ੍ਹਾ ਜ਼ਰੂਰੀ ਛੱਡੀ ਹੋਵੇ
5. ਲੇਖਕ ਦਾ ਨਾਮ, ਸ਼ਹਿਰ, ਦੇਸ਼, (ਚਾਹੁਣ ਤਾਂ ਫੋਟੋ), ਫ਼ੋਨ/ਈਮੇਲ, ਵੱਟਸਐਪ, ਸੰਖੇਪ ਜਾਣਕਾਰੀ ਦਿਓ
6. ਲੇਖ ਦੀ ਕੁਲ ਲੰਬਾਈ ਲੈਪਟਾਪ ਦੇ ਵਧ ਤੋਂ ਵਧ ਦੋ ਪੰਨੇ-800 ਸ਼ਬਦ (ਫੋਟੋ ਲਈ ਸਪੇਸ ਸਮੇਤ) ਹੋਣ
7. ਲੰਬੇ ਲੇਖ ਸਾਡੇ ਵੈੱਬਸਾਈਟ (***sanjihivrasat.org)*** ਦੇ 'ਬਲ਼ੌਗ' 'ਤੇ ਜਾਂ ਲੜੀਵਾਰ ਛਾਪੇ ਜਾਣਗੇ
8. ਲੇਖਕਾਂ/ ਕਵੀਆਂ ਦੀ ਜ਼ਿਮੇਵਾਰੀ ਹੋਵੇਗੀ **'Copyright Infringement'** ਨਹੀਂ ਹੋਣੀ ਚਾਹੀਦੀ
9. ਹਵਾਲੇ ਵਿਚ ਟਾਈਟਲ, ਮੂਲ ਲੇਖਕ, ਅਤੇ ਜਰਨਲ ਦਾ ਅੰਕ/ ਕਿਤਾਬ ਦਾ ਨਾਮ, ਸਾਲ ਤੇ ਸਾਲ ਦਿਓ
10. ਗੁਰਬਾਣੀ ਲਈ ਸਰੋਤ, ਪੰਨਾ ਨੰਬਰ ਦਿਓ। ਫੋਟੋ (ਜੇ ਹੈ ਤਾਂ) ਕਿਥੋਂ ਲਈ ਗਈ ਹੈ, ਦਸਣਾ ਜ਼ਰੂਰੀ ਹੈ

## Important Information for Authors

1. **Magazine Policy** : To Promote Punjabi Culture, History & Heritage
   - By Secular, Non-Political, Non-Personal Articles/Poems, after Review
2. **Editorial Board** : Will not be responsible for views of Authors /Poets
3. **Font size 12** : Panjabi - Anmol Lipi (English -Times New Roman)
4. **Spacing, margin** : Line-to-line 1.0, Margins One Inch on all four sides
5. **Format -WORD** : No PDF, Photocopy, Printscreen, Snip, Office-Lens
6. **Author's Data** : Name, City (Country), Brief (own) Introduction
7. **Author's Contact** : Phone, e-mail, or WhatsApp. (Photo is optional)
8. **Maximum Length**: Two pages (Including Photo) / 800 Laptop words)
9. **Longer Articles** : On **blog** Website ***(sanjhivirasat.org)*** / serialized

10 **Copy -right (CR**) : Authors will certify there is No CR Infringement

11 **References/Photo** : Source (Author, Title, Journal/Book, Year, Pages.

# ਸੰਪਾਦਕੀ ਮੰਡਲ (ਸਾਂਝੀ ਵਿਰਾਸਤ)

## Editorial Board (Sanjhi Virasat)


| | |
|---|---|
| 1. ਡਾ. ਰਾਜਾ ਬਲਰਾਜ ਸਿੰਘ | ਕੈਲਗਰੀ (ਕੈਨੇਡਾ) |
| 2. ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | ਕੈਲਗਰੀ (ਕੈਨੇਡਾ) |
| 3. ਪ੍ਰੋਫ਼ੈਸਰ ਮਨਿੰਦਰ ਸਿੰਘ | ਐਡਮਿੰਟਨ (ਕੈਨੇਡਾ) |
| 4. ਡਾ. ਕਾਬਲ ਸਿੰਘ | ਐਡਮਿੰਟਨ (ਕੈਨੇਡਾ) |
| 5. ਡਾ. ਬਲਦੇਵ ਸਿੰਘ | ਐਡਮਿੰਟਨ (ਕੈਨੇਡਾ) |
| 6. ਸਰਦਾਰ ਜਗਬੀਰ ਸਿੰਘ ਕੋਹਲੀ | ਕੈਲਗਰੀ (ਕੈਨੇਡਾ) |
| 7. ਸਰਦਾਰ ਪਰਮਜੀਤ ਸਿੰਘ | ਟੋਰੋਂਟੋ (ਕੈਨੇਡਾ) |
| 8. ਪ੍ਰਿੰਸੀਪਲ ਮਨਮੋਹਨ ਕੌਰ | ਦਿੱਲੀ (ਭਾਰਤ) |
| 9. ਸਰਦਾਰ ਉਂਕਾਰ ਸਿੰਘ ਟਿਵਾਣਾ | ਓਨਟਾਰੀਓ (ਕੈਨੇਡਾ) |
| 10. ਡਾ. ਰਾਜਬੀਰ ਸਿੰਘ ਭੱਟੀ (ਤਕਨੀਕੀ ਸੰਪਾਦਕ) | ਕੈਲਗਰੀ (ਕੈਨੇਡਾ) |
| 11. ਸਰਦਾਰ ਯੁਵਰਾਜ ਸਿੰਘ (ਤਕਨੀਕੀ ਸਹਾਇਕ) | ਕੈਲਗਰੀ (ਕੈਨੇਡਾ) |
| 12. ਡਾ. ਸੁਰਜੀਤ ਸਿੰਘ ਭੱਟੀ (ਮੁਖ ਸੰਪਾਦਕ) | ਕੈਲਗਰੀ (ਕੈਨੇਡਾ) |


**<u>ਸਲਾਹਕਾਰ:</u>**


| | |
|---|---|
| 1. ਡਾ. ਕਾਲਾ ਸਿੰਘ | ਵੈਨਕੂਵਰ (ਕੈਨੇਡਾ) |
| 2. ਡਾ. ਦਵਿੰਦਰ ਸਿੰਘ ਸੇਖੋਂ | ਵਿੰਡਸਰ (ਕੈਨੇਡਾ) |
| 3. ਡਾ. ਦਵਿੰਦਰ ਪਾਲ ਸਿੰਘ | ਮਿਸੀਸਾਗਾ (ਕੈਨੇਡਾ) |
| 4. ਡਾ. ਜਗਜੀਤ ਸਿੰਘ | ਵੈਨਕੂਵਰ (ਕੈਨੇਡਾ) |
| 5. ਸਰਦਾਰ ਕਰਮਜੀਤ ਸਿੰਘ ਨੂਰ | ਜਲੰਧਰ (ਭਾਰਤ) |
| 6. ਸਰਦਾਰਨੀ ਅਮ੍ਰਿਤਪਾਲ ਕੌਰ | ਜਲੰਧਰ (ਭਾਰਤ) |
| 7. ਸ਼੍ਰੀ ਰਿਸ਼ੀ ਨਾਗਰ | ਕੈਲਗਰੀ (ਕੈਨੇਡਾ) |
| 8. ਸਰਦਾਰ ਰਣਸ਼ੇਰ ਰਾਜ ਸਿੰਘ (ਤਕਨੀਕੀ ਸਹਾਇਕ) | ਕੈਲਗਰੀ (ਕੈਨੇਡਾ) |

# ਐਡੀਟੋਰੀਅਲ ਬੋਰਡ



ਡਾ. ਰਾਜਾ ਬਲਰਾਜ ਸਿੰਘ



ਗੁਰਦੀਸ਼ ਕੌਰ ਗਰੇਵਾਲ



ਪ੍ਰੋਫ਼ੈਸਰ ਮਨਿੰਦਰ ਸਿੰਘ



ਡਾ. ਕਾਬਲ ਸਿੰਘ



ਡਾ. ਬਲਦੇਵ ਸਿੰਘ



ਸ. ਜਗਬੀਰ ਸਿੰਘ ਕੋਹਲੀ



ਸ. ਪਰਮਜੀਤ ਸਿੰਘ



ਪ੍ਰਿੰਸੀਪਲ ਮਨਮੋਹਨ ਕੌਰ



ਸ੍ਰ. ਉਂਕਾਰ ਸਿੰਘ ਟਿਵਾਣਾ



ਡਾ. ਰਾਜਬੀਰ ਸਿੰਘ ਭੱਟੀ



ਸਰਦਾਰ ਯੁਵਰਾਜ ਸਿੰਘ



ਡਾ. ਸੁਰਜੀਤ ਸਿੰਘ ਭੱਟੀ

**ਸਲਾਹਕਾਰ**



ਡਾ. ਕਾਲਾ ਸਿੰਘ



ਡਾ. ਡੀ. ਪੀ ਸਿੰਘ




ਡਾ. ਜਗਜੀਤ ਸਿੰਘ



ਡਾ. ਦਵਿੰਦਰ ਸਿੰਘ ਸੇਖ਼ੋਂ



ਸ੍ਰ. ਕਰਮਜੀਤ ਸਿੰਘ ਨੂਰ



ਅਮ੍ਰਿਤਪਾਂਲ ਕੌਰ



ਰਿਸ਼ੀ ਨਾਗਰ



ਰਣਸ਼ੇਰ ਰਾਜ ਸਿੰਘ
ਤਕਨੀਕੀ ਸਹਾਇਕ